ੴ ਵਾਹਿਗੁਰੂ ਜੀ ਕੀ ਫ਼ਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,
ਸੋ ਕਹੀਅਤ ਹੈ ਸੂਰਾ ॥

# ਸੂਰਾ

ਪਟਿਆਲਾ

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਅਖੰਡ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

www.AKJ.Org

# ਲੇਖ-ਸੂਚੀ


| ਨੰਬਰ | ਲੇਖ | ਪੰਨਾ | ਲੇਖਕ |
|---|---|---|---|
| ੧. | ਅਖੰਡ ਕੀਰਤਨ ਸਮਾਗਮ | ੬ | ਐਡੀਟਰ |
| ੨. | ਨਿਸ਼ਕਾਮ ਭਗਤੀ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ। |
| ੩. | ਡਿਠੇ ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੧੪ | ਭਾਈ ਸੁਰਜਨ ਸਿੰਘ ਜੀ |
| ੪. | ਗੁਰ ਸਿੱਖ ਕੌਣ ਹੈ ? | ੧੬ | ਭਾਈ ਮਨਮੋਹਨ ਸਿੰਘ ਜੀ |
| ੫. | ਮੌਤ | ੨੧ | ਭਾਈ ਗੁਰਮੁਖ ਸਿੰਘ ਜੀ |
| ੬. | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੨੩ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੭. | ਕੇਸਾਂ ਦੀ ਮਹੱਤਤਾ | ੩੨ | ਭਾਈ ਜੋਗਿੰਦਰ ਸਿੰਘ ਜੀ |
| ੮. | ਪੁਸਤਕਾਂ ਦੀ ਲਿਸਟ | ੩੬ | ਅਖੰਡ ਕੀਰਤਨੀ ਜੱਥਾ ਪਟਿਆਲਾ। |


## * ਮਾਸਕ ਪੱਤਰ "ਸੂਰਾ" ਦੀਆਂ ਵਿਸ਼ੇਸ਼ਤਾਈਆਂ *

* ਇਹ ਪਰਚਾ ਕੇਵਲ ਗੁਰਮਤਿ ਦੇ ਪਰਚਾਰ ਨੂੰ ਮੁਖ ਰਖ ਕੇ ਚਲਿਆ ਗਿਆ ਹੈ।
* ਇਸ ਪਰਚੇ ਵਿਚ ਗੁਰਬਾਣੀ ਦੇ ਅਧਾਰ ਤੇ ਗੁਰਮਤਿ, ਸਿੱਖ ਇਤਿਹਾਸ ਸੰਬੰਧੀ ਪ੍ਰਮਾਣੀਕ ਲੇਖ ਅਤੇ ਸੱਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਕੀਰਤਨੀ ਜਥਿਆਂ ਦੇ ਜਨਰਲ ਪਰੋਗਰਾਮ ਛਪਦੇ ਹਨ।
* ਇਸ ਪਰਚੇ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ।
* ਇਹ ਪਰਚਾ ਆਪ ਸਭ ਦਾ ਸਾਂਝਾ ਹੈ। ਸੋ ਹਰ ਗੁਰਸਿਖ ਨੂੰ ਜੋ ਇਸ ਪਰਚੇ ਦਾ ਮੈਂਬਰ ਨਹੀਂ ਬਣਿਆਂ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਪਰਚੇ ਦਾ ਸਾਲਾਨਾ ਚੰਦਾ ਕੇਵਲ ਪੰਜ ਰੁਪੈ ਭੇਜਕੇ ਮੈਂਬਰ ਬਣਨਾ ਚਾਹੀਦਾ ਹੈ।

ਨੋਟ :–ਮਾਸਕ ਪੱਤਰ "ਸੂਰਾ" ਦਾ ਦਫਤਰ ਪਿਛਲੇ ਮਹੀਨੇ ਤੋਂ ਪਟਿਆਲੇ ਬਦਲ ਦਿਤਾ ਗਿਆ ਹੈ। ਸੋ ਅਗੇ ਤੋਂ ਪਾਠਕ ਹਰ ਪਰਕਾਰ ਦਾ ਚਿਠੀ ਪੱਤਰ ਹੇਠ ਲਿਖੇ ਪਤੇ ਤੇ ਕਰਨ।


ਮੈਨੇਜਰ "ਸੂਰਾ" :-
ਪ੯੪-੩, ਖਾਲਸਾ ਮਹੱਲਾ, ਪਟਿਆਲਾ।


www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੧ — ਹਾੜ-ਸਾਵਣ ੪੯੭ ਨਾਨਕਸ਼ਾਹੀ — ਅੰਕ ਨੰ: ੭


ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ, ਕਿਉ ਸੁਖੁ ਬਾਲੀ, ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ, ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ, ਬਿਨੁ ਰਹਿ ਕਿਉ ਸੁਖ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥ ੧੦ ॥

ਤੁਖਾਰੀ ਛੰਤ ਮਹਲ ੧ ਬਾਰਹਮਾਹ


ਆਨਰੇਰੀ ਐਡੀਟਰ :-
ਮਨੋਹਰ ਸਿੰਘ


**ਅਗਸਤ ੧੯੬੬**


ਸਲਾਹਕਾਰ ਬੋਰਡ ;-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ, ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ ।



www.AKJ.Org

# ਗੁਰਦੁਆਰਾ ਸਾਹਿਬ ਅਕਾਲੀਵਾਲਾ ਨਾਰੰਗਵਾਲ
## ਜ਼ਿਲਾ ਲੁਧਿਆਣਾ ਵਿਖੇ

ਨਾਮ ਬਾਣੀ ਤੇ ਕੀਰਤਨ ਦੇ ਰਸੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗ ਵਾਲ
ਡਾਕਟਰ ਬਸੰਤ ਸਿੰਘ ਜੀ ਸੇਖੋਂ (ਸਿਆਲ ਕੋਟ) ਅਤੇ ਸੰਤ ਜਵਾਲਾ ਸਿੰਘ ਜੀ
ਨੰਦ ਪੁਰ ਕਲੌੜ ਦੀ ਯਾਦ ਵਿਚ ੧੨-੧੩-੧੪-੧੫ ਅਗਸਤ ਨੂੰ

# ਭਾਰੀ ਸੰਤ ਸਮਾਗਮ

ਦੂਰ ਦੂਰ ਤੋਂ ਕੀਰਤਨੀ ਜਥੇ ਪੁਜ ਰਹੇ ਹਨ। ਕੀਰਤਨ ਦੇ ਪਰੇਮੀ ਸਜਣ ਪੁਜ ਕੇ
ਲਾਹਾ ਲੈ ਕੇ ਜਨਮ ਸਫਲਾ ਕਰਨ।

## * ਪ੍ਰੋਗਰਾਮ *

੧੨ ਅਗਸਤ ਸ੍ਰੀ ਅਖੰਡ ਪਾਠ ਪ੍ਰਾਰੰਭ।
੧੩ ਅਗਸਤ ਮੱਧ ਤੇ ੧੪ ਨੂੰ ਅੰਮ੍ਰਿਤ ਵੇਲੇ ਭੋਗ।
ਉਪਰੰਤ ਕੀਰਤਨ ਆਸਾ ਦੀ ਵਾਰ
੧੪ ਅਗਸਤ ਸ਼ਾਮ ਨੂੰ ਕੀਰਤਨ ਰੈਣ ਸਬਾਈ ਅਰੰਭ।
੧੫ ਅਗਸਤ ਸਵੇਰੇ ਰੈਣ ਸਬਾਈ ਕੀਰਤਨ ਦਾ ਭੋਗ।

ਨੋਟ :-ਅੰਮ੍ਰਿਤ ਸੰਚਾਰ ਭੀ ਹੋਵੇਗਾ, ਅਭਿਲਾਖੀ ਤਿਆਰ ਹੋ ਕੇ ਆਉਣ। ਬਿਸਤਰੇ ਲੋੜ ਅਨੁਸਾਰ ਨਾਲ ਲੈ ਕੇ ਆਉਣੇ।

ਪ੍ਰਾਰਥਕ :-

**ਨਰਾਇਣ ਸਿੰਘ ਸੇਵਕ**

ਗੁਰਦੁਆਰਾ ਅਕਾਲੀ ਵਾਲਾ ਨਾਰੰਗਵਾਲ
ਜ਼ਿਲਾ ਲੁਧਿਆਣਾ।



www.AKJ.Org

### ਅੰਬਾਲਾ ਛਾਉਣੀ ਵਿਖੇ

# ਸਾਲਾਨਾ ਕੀਰਤਨ ਸਮਾਗਮ

ਸੱਚ ਖੰਡ ਨਿਵਾਸੀ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਦੇ ਪਰੇਮੀ ਅਖੰਡ ਕੀਰਤਨੀ ਜੱਥੇ ਦੂਰ ਦੂਰ ਤੋਂ ਅੰਬਾਲਾ ਛਾਉਣੀ ਵਿਖੇ ਹੇਠ ਲਿਖੇ ਕੀਰਤਨ ਪਰੋਗਰਾਮ ਤੇ ਦਰਸ਼ਨ ਦੇ ਰਹੇ ਹਨ।

੧੨-੮-੬੬ ਸ਼ੁਕਰਵਾਰ ਸ਼ਾਮ ੭॥ ਤੋਂ ੧੦ ਤਕ ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ॥

੧੩-੮-੬੬ ਸਨਿਚਰਵਾਰ ਸਵੇਰੇ ੪ ਤੋਂ ੧੨ ਤਕ ਗੁ: ਸ੍ਰੀ ਗੁਰੂ ਸਿੰਘ ਸਭਾ ਅੰਬਾਲਾ ਛਾ:।

੧੩-੮-੬੬ ਸਨਿਚਰਵਾਰ ਸ਼ਾਮ ੭॥ ਤੋਂ ੧੦ ਤਕ ਗੁ: ਰਜਮੈਂਟ ਬਾਜ਼ਾਰ ਅੰਬਾਲਾ ਛਾ:।

੧੪-੮-੬੬ ਐਤਵਾਰ ਸਵੇਰੇ ੪ ਤੋਂ ੧੨ ਤਕ ਗੁਰਦੁਆਰਾ ਕਸ਼ਤਰੀਆਂ ,, ,,।
ਲਾਗੇ ਸੀ. ਬੀ. ਹਾਈ ਸਕੂਲ ਅੰਬਾਲਾ ਛਾਉਣੀ

## ਰੈਣ ਸਬਾਈ ਕੀਰਤਨ

੧੪-੮-੬੬ ਐਤਵਾਰ ਸ਼ਾਮ ੮ ਵਜੇ ਅਰੰਭ ਹੋਕੇ ੧੫-੮-੬੬ ਸਵੇਰੇ ੮ ਵਜੇ ਸਮਾਪਤੀ
ਗੁਰਦੁਆਰਾ ਗੋਬਿੰਦ ਨਗਰ, ਲਾਗੇ ਸੁਭਾਸ਼ ਕਾਲੋਨੀ ਅੰਬਾਲਾ ਛਾਉਣੀ।

ਆਪ ਜੀ ਪਰਵਾਰ ਸਹਿਤ ਦਰਸ਼ਨ ਬਖਸ਼ਕੇ ਮਹਾਰਾਜ ਜੀ ਦੀਆਂ
ਖੁਸ਼ੀਆਂ ਪਰਾਪਤ ਕਰੋ ਜੀ।

ਨੋਟ:– ੧. ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਕਿਰਪਾਲਤਾ ਕਰਨੀ ਜੀ।

੨. ਅੰਮ੍ਰਿਤ ਸੰਚਾਰ ੧੪-੮-੧੯੬੬ ਦੀ ਸ਼ਾਮ ਨੂੰ ੪ ਵਜੇ ਗੁਰਦੁਆਰਾ ਗੋਬਿੰਦ ਨਗਰ ਅਰੰਭ ਹੋਵੇਗਾ। ਅਭਿਲਾਖੀ ਜਨ ਸ਼ਸਤਰ ਬਸਤਰ ਸਜਾ ਕੇ ਦਰਸ਼ਨ ਦੇਣ।

੩. ਰਿਹਾਇਸ਼ ਦਾ ਪਰਬੰਧ ਗੋਬਿੰਦ ਨਗਰ, ਲਾਗੇ ਸੁਭਾਸ਼ ਕਾਲੋਨੀ ਅੰਬਾਲਾ ਛਾਉਣੀ ਵਿਖੇ ਕੀਤਾ ਜਾਵੇਗਾ।

ਆਪ ਜੀ ਦੇ ਚਰਨ ਸੇਵਕ–

**ਨਿਰਬਾਣ ਕੀਰਤਨੀ ਜੱਥਾ, ਅੰਬਾਲਾ ਛਾਉਣੀ**



www.AKJ.Org

# ਅਖੰਡ ਕੀਰਤਨ ਸਮਾਗਮ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜੱਥਿਆਂ ਦੀ ਸੇਵਾ ਵਿਖੇ ਬਿਨੈ ਹੈ ਕਿ ਉਹ ਹਰ ਮਹੀਨੇ ਦੇ ਆਖਰੀ ਹਫਤੇ ਆਪਣਾ ਅਗਲੇ ਮਹੀਨੇ ਦਾ ਪਰੋਗਰਾਮ ਸੈਟ ਕਰਕੇ ਹੇਠ ਲਿਖੇ ਐਡਰੈਸ ਤੇ ਜ਼ਰੂਰ ਬ ਜ਼ਰੂਰ ਭੇਜਣ ਦੀ ਖੇਚਲ ਕਰਿਆ ਕਰਨ ਤਾਂ ਜੋ ਸਾਰੇ ਪਰੋਗਰਾਮ ਇਸ ਕਾਲਮ ਵਿਚ ਛਪ ਕੇ ਗੁਰਮੁਖ ਪਿਆਰਿਆਂ ਤਕ ਪੁਜ ਸਕਣ। ਜਨਰਲ ਪਰੋਗਰਾਮ ਇਕ ਮਹੀਨਾ ਪਹਿਲਾਂ ਪੁਜਣੇ ਚਾਹੀਦੇ ਹਨ।

ਮੈਨੇਜਰ "ਸੂਰਾ"
੫੯੪/੩ ਖਾਲਸਾ ਮਹਲਾ,
ਪਟਿਆਲਾ।

## ਅਖੰਡ ਕੀਰਤਨੀ ਜੱਥਾ ਪਟਿਆਲਾ ਦਾ ਹਫਤਾਵਾਰੀ ਕੀਰਤਨ ਪਰੋਗਰਾਮ

੭-੮-੧੯੬੬ ਐਤਵਾਰ ਅੰਮ੍ਰਿਤ ਵੇਲੇ ੪ ਵਜੇ ਤੋਂ ੧੦ ਵਜੇ ਤਕ ਸ੍ਰ: ਜੋਗਿੰਦਰ ਸਿੰਘ ਸ੍ਰ: ਤਰਲੋਚਨ ਸਿੰਘ ਮਕਾਨ ਨੰ: ੭੭—B ਪਰੀਤ ਗਲੀ, ਰਾਘੋ ਮਾਜਰਾ, ਪਟਿਆਲਾ ਵਾਲਿਆਂ ਦੇ ਗ੍ਰਿਹਿ ਵਿਖੇ।

**ਸ਼ਾਮ**- ਗੁ: ਸਾਹਿਬ ਮੋਤੀ ਬਾਗ ਪਾ: ੯, ੬ ਵਜੇ ਤੋਂ ੮ ਵਜੇ ਤਕ।

੧੩, ੧੪, ੧੫-੮-੧੯੬੬ ਸਲਾਨਾ ਸਮਾਗਮ ਅੰਬਾਲਾ ਛਾਉਣੀ।

੨੧-੮-੬੬ ਅੰਮ੍ਰਿਤ ਵੇਲੇ ੪ ਵਜੇ ਤੋਂ ੧੨ ਵਜੇ ਤਕ ਭਾ: ਮਨੋਹਰ ਸਿੰਘ ਮਕਾਨ ਨੰ: ੧੪੫/੨ ਮਹਲਾ ਲਾਲ ਬਾਗ, ਬੀ—ਟੈਂਕ ਰੋਡ ਨਜ਼ਦੀਕ ਵੈਦ ਮਸਤ ਰਾਮ ਪਟਿਆਲਾ ਵਾਲਿਆਂ ਦੇ ਗ੍ਰਹਿ ਵਿਖੇ।

**ਸ਼ਾਮ**- ੬ ਤੋਂ ੮ ਵਜੇ ਤਕ ਗੁ: ਸਾਹਿਬ ਮੋਤੀ ਬਾਗ ਪਾ: ੯

੨੭-੮-੬੬ ਕੀਰਤਨ ਰੈਣ ਸਬਾਈ ਪਿੰਡ ਸ਼ੁਤਰਾਣਾ ਜ਼ਿਲਾ ਪਟਿਆਲਾ ਵਿਖੇ।

ਨੋਟ:—ਜਿਨ੍ਹਾਂ ਸਜਨਾਂ ਨੇ ਰੈਣ ਸਬਾਈ ਕੀਰਤਨ ਜਾਂ ਦਿਨ ਸੁਵੇਲਾ ਕੀਰਤਨ ਲੈਣਾ ਹੋਵੇ ਤਾਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਨੋਟ ਕਰਵਾ ਦੇਣਾ ਚਾਹੀਦਾ ਹੈ।

**ਅਖੰਡ ਕੀਰਤਨੀ ਜੱਥਾ ਪਟਿਆਲਾ।**


www.AKJ.org

# ਨਿਸਕਾਮ ਭਗਤੀ

(ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗੁਰਮਤਿ ਅਨੁਸਾਰ ਸਚਾ ਭਗਤ ਜਨ ਸੋ ਹੈ ਜੋ ਹਰ ਪ੍ਰਕਾਰ ਦੀ ਕਾਮਨਾ ਤੋਂ ਰਹਿਤ ਹੋ ਕੇ ਕੇਵਲ ਪਾਰ ਬ੍ਰਹਮ ਅਕਾਲ ਪੁਰਖ ਦੀ ਹੀ ਪ੍ਰਾਪਤੀ ਲਈ ਸਚੀ ਭਗਤੀ ਵਿਖੇ ਅਰੂੜ ਰਹੇ, ਅਤੇ ਸਾਰੀ ਉਮਰ ਹੀ ਭਗਤਿ ਪ੍ਰਾਇਣ ਰਹੇ। ਕਈ ਅਮਰ-ਜੀਵਨੀ ਭਗਤ ਜਨ ਜੀਵਨ ਪ੍ਰੀਖਿਆ ਦਾ ਧੁਰਵਾ ਬੰਨ੍ਹਦੇ ਹੋਏ ਨਿਖੜੱਮੀਂ ਅਤੇ ਲੋਕ ਲਾਜ ਭਰੀ ਵਡਿਆਈ ਨੂੰਹੀ ਮੁਖ ਰਖਦੇ ਹਨ। ਉਹਨਾਂ ਦੇ ਨਿਕਟ ਹਰਦਿਲ ਅਜ਼ੀਜ਼ ਹੋਣਾ ਹੀ ਜੀਵਨ ਪ੍ਰੀਖਿਆ ਹੈ। ਗੁਰਮਤਿ ਅਨੁਸਾਰ ਭਗਤ ਜਨ ਸੇਵਕ ਜਨ ਸੋਈ ਹੈ ਜੋ ਭਗਤੀ ਰੂਪੀ ਸੇਵਾ ਕਰਦਾ ਹੋਇਆ ਆਨ ਲੋਕ ਲਾਜ ਮਈ ਹਰ ਪ੍ਰਕਾਰ ਦੀ ਕਨੌੜ ਰਹਿਤ ਹੋਕੇ ਅਤੇ ਕਾਮਨਾ ਰਹਿਤ ਹੋਕੇ ਸੇਵਾ ਭਗਤੀ ਕਰੇ, ਯਥਾ ਗੁਰਵਾਕ—

"ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥"

ਨਾਮੀ ਵਾਹਿਗੁਰੂ ਦੀ ਪ੍ਰਾਪਤੀ ਲਈ ਵਾਹਿਗੁਰੂ ਨਾਮ ਦੀ ਯਾਚਨਾ ਬਿਨਾਂ ਹੋਰ ਯਾਚਨਾ ਰਖਣੀ ਹੀ ਮਹਾਂ ਮਨਿ ਮਤਿ ਹੈ, ਯਥਾ ਗੁਰਵਾਕ-

"ਜਾਚਕ ਜਨੁ ਜਾਚੈ ਪ੍ਰਭ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮੁ ॥"

ਵਾਹਿਗੁਰੂ ਦਾਤਾਰ ਦੇ ਨਾਮ ਬਿਨਾਂ ਸਚੇ ਭਗਤ ਜਨਾਂ ਨੂੰ ਹੋਰ ਯਾਚਨਾ (ਇਛਾ) ਸੁਫੁਰਨ ਹੀ ਨਹੀਂ ਹੁੰਦੀ। ਲੋਕਾਂ ਭਾਣੇ ਹਰ ਦਿਲ ਅਜ਼ੀਜ਼ ਹੋਣ ਦੀ ਇਛਾ ਬੜੀ ਹੀ ਖੋਟੀ ਵਾਸ਼ਨਾ ਹੈ, ਅਮਰ ਜੀਵਨੀ ਭਗਤ ਕਹਾਉਣ ਵਾਲੇ ਕਈ ਇਕ ਭਗਤ ਜਨ ਇਸ ਹੋਛੀ ਹਰ ਦਿਲ ਅਜ਼ੀਜ਼ੀ ਨੂੰ ਜੀਵਨ ਪ੍ਰੀਖਿਆ ਦਾ ਮਿਆਰ ਸਮਝੀ ਬੈਠੇ ਹਨ, ਹਾਲਾਂ ਕਿ ਉਨ੍ਹਾਂ ਦਾ ਸਮਝਿਆ ਹੋਇਆ ਇਹ ਪਿਆਰ ਬੜੀ ਹੀ ਨੀਵੀਂ ਹੋਛੀ ਅਤੇ ਤੁਛ ਜਿਹੀ ਗਲ ਹੈ ਹਰ ਦਿਲ ਅਜ਼ੀਜ਼ੀ ਇਕ ਲੌਕਿਕ ਵਡਿਆਈ ਵਾਲੀ ਗਲ ਤਾਂ ਜ਼ਰੂਰ ਹੈ ਪਰ ਗੁਰਮਤਿ ਜੀਵਨ ਪ੍ਰੀਖਿਆ ਦੇ ਮੁਕਾਬਲੇ ਵਿਚ ਨਿਰੀ ਹੀ ਰਹਿ ਖੜੋਤੀ ਹੋਈ ਜੀਵਨ ਕਸੌਟੀ ਹੈ, ਨਿਸਕਾਮ ਭਗਤੀ ਗੁਰਮਤਿ ਜੀਵਨ ਪਰੀਖਿਆ ਵਾਲੇ ਅਖੌਤੀ ਭਗਤ ਜਨਾਂ ਨੂੰ ਪ੍ਰਾਪਤ ਨਹੀਂ ਹੋ ਸਕਦੀ, ਗੁਰਮਤਿ ਅਨੁਸਾਰ ਸਾਰ ਭਗਤੀ ਰੂਪੀ ਜੀਵਨ ਵਾਲੇ ਭਗਤ ਜਨਾਂ ਨੂੰ ਸਵਾਇ ਅਕਾਲ ਪੁਰਖ ਦੀ ਕਾਮਨਾ ਰਹਿਤ ਭਗਤੀ ਦੇ ਹੋਰ ਇਛਾ ਕਰਨੀ ਹੀ ਕਲੰਕ ਰੂਪ ਹੈ। ਇਥੋਂ ਤਾਈਂ ਕਿ ਰਾਜ (ਸੂਰਾਜ) ਦੀ ਇਛਾ ਰਖਣ ਵਾਲੇ ਨਿਰੇ ਰਾਜ ਅਭਿਮਾਨੀ ਹੀ ਹੋ ਜਾਂਦੇ ਹਨ ਅਜਿਹੇ ਰਾਜ ਅਭਿਮਾਨੀ ਇਛਕਾਂ ਪ੍ਰਥਾਇ ਹੀ ਇਹ ਗੁਰਵਾਕ ਆਉਂਦਾ ਹੈ :—

"ਜਿਸੁ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕ ਪਾਤੀ ਹੋਵਤ ਸੁਆਨੁ ॥"

ਸਪਸ਼ਟ ਭਾਵ ਇਸ ਦੋ ਤੁਕੀ ਦਾ ਇਹ ਹੈ ਕਿ ਨਿਰਾ ਰਾਜ ਅਭਿਮਾਨੀ ਸੂਰਾਜ ਇਛਕ ਪੁਰਸ਼ ਨਰਕਾਂ ਦਾ ਪਾਤ੍ਰ ਅਤੇ ਕੁਤੇ ਦੀ ਨਿਆਈਂ ਹੀ ਹੈ ਤਾਂਤੇ ਨਿਸ਼ਕਾਮ ਭਗਤੀ ਵਾਲਿਆਂ ਲਈ ਉਪਰਲੇ ਗੁਰਵਾਕ ਅਨੁਸਾਰ ਜਦੋਂ ਰਾਜ ਦੀ ਇਛਾ ਹੀ ਤੁਛ ਮਾਤ੍ਰ ਹੈ ਤਦੋਂ ਉਨ੍ਹਾਂ ਨੂੰ ਨਿਰੀ ਲੌਕਿਕ


www.AKJ.Org

ਵਡਿਆਈ ਅਤੇ ਲੋਕਾਂ ਵਿਚ ਵਡਾ ਅਖਵਾਉਣ ਵਾਲੀ ਚਤੁਰਾਈ ਖਾਸ ਕਰ ਲੋਕਾਂ ਵਿਚ ਹਰ ਦਿਲ ਅਜ਼ੀਜ਼ ਹੋਣ ਵਾਲੀ ਛੁਟਿਆਈ ਕਦੋ. ਭਾ ਸਕਦੀ ਹੈ। ਗੁਰਵਾਕ :--

ਬਿਲਾਵਲ ਮਹਲਾ ੫

"ਸਗਲ ਮਨੋਰਥ ਪਾਈਅਹਿ ਮੀਤਾ ॥ ਚਰਨ ਕਮਲ ਸਿਉ ਲਾਈਐ ਚੀਤਾ ॥੧॥ ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ ਰਹਾਉ ॥ ਸਫਲ ਜਨਮੁ ਹੋਵਤ ਬਡਭਾਗੀ ॥ ਸਾਧ ਸੰਗਿ ਰਾਮਹਿ ਲਿਵ ਲਾਗੀ ॥੨॥ ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥ ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥ ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਵਾਹਿਗੁਰੂ (ਪ੍ਰਭੂ) ਧਿਆਵਨਹਾਰੇ ਅਨਿਨ ਭਗਤ ਜਨਾਂ ਨੂੰ ਹੀ ਨਿਸਕਾਮ ਭਗਤੀ ਪਰਾਪਤ ਹੋ ਸਕਦੀ ਤਿਨ੍ਹਾਂ ਨਿਹਕਾਮ ਭਗਤੀ ਵਾਲੇ ਭਗਤ ਜਨਾ ਦੀ ਕੇਵਲ ਵਾਹਿਗੁਰੂ ਦੇ ਸਿਫਤ ਸਲਾਹ ਰੂਪੀ ਗੁਣ ਗਾਵਣ ਕਰਕੇ ਹੀ ਜਲਨ ਬੁਝਦੀ ਹੈ। ਤਿਨ੍ਹਾਂ ਵਡਭਾਗੀ ਜਨਾਂ ਦਾ ਸਾਰਾ ਜਨਮ ਹੀ ਸਫਲ ਹੋ ਜਾਂਦਾ ਹੈ, ਜਿਨ੍ਹਾਂ ਦੀ ਗੁਰੂ ਦੀ ਸੰਗਤ ਦਵਾਰਾ ਵਾਹਿਗੁਰੂ ਦੇ ਵਿਚ ਅਤੁਟ ਲਗਨ ਲਗ ਜਾਂਦੀ ਹੈ ਉਹੀ ਕੇਵਲ ਉਹੀ ਭਗਤ ਜਨ ਹੀ ਵਾਹਿਗੁਰੂ ਪ੍ਰਮਾਨੰਦ ਦੀ ਪ੍ਰੇਮਾ ਭਗਤੀ ਵਿਚ ਪ੍ਰਬੀਨ ਹੁੰਦੇ ਹਨ, ਉਹ ਇਕ ਨਿਮਖ ਭਰ ਭੀ ਵਾਹਿਗੁਰੂ ਨੂੰ ਨਹੀਂ ਵਿਸਾਰਦੇ। ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਵਾਹਿਗੁਰੂ ਦੀ ਬਹੁਤੀ ਘਨੇਰੀ ਪਿਆਸ ਲਗੀ ਹੋਈ ਹੁੰਦੀ ਹੈ। ਅਜਿਹੇ ਭਗਤ ਜਨ ਹਰਦਮ ਵਾਹਿਗੁਰੂ ਦੀ ਸ਼ਰਨਾਗਤਿ ਨੂੰ ਪ੍ਰਾਪਤ ਰਹਿੰਦੇ ਹਨ, ਨਿਹਕਾਮ ਭਗਤੀ ਕੇਵਲ ਅਜਿਹੇ ਭਗਤ ਜਨਾਂ ਦੇ ਵਿਰਸੇ ਵਿਚ ਹੀ ਆਈ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਜਿਹੇ ਅਨਿੰਨ ਭਗਤ ਜਨਾਂ ਦੇ ਸਗਲ ਮਨੋਰਥ ਸੁਤੇ-ਸਿਧ ਹੀ ਪੂਰੇ ਹੁੰਦੇ ਰਹਿੰਦੇ ਹਨ। ਕਿਉਂਕਿ ਅਜਿਹੇ ਅਨਿੰਨ ਤੇ ਨਿਹਕਾਮ ਭਗਤਾਂ ਦਾ ਚਿਤ ਵਾਹਿਗੁਰੂ ਦੇ ਚਰਨ ਕਮਲਾਂ ਵਿਚ ਹੀ ਲਗਿਆ ਰਹਿੰਦਾ ਹੈ, ਤਿਨ੍ਹਾਂ ਨੂੰ ਹੋਰ ਕਾਮਨਾ ਨਿਹਕਾਮ ਭਗਤੀ ਬਿਨਾਂ ਸੁਫੁਰਨ ਹੀ ਨਹੀਂ ਹੁੰਦੀ, ਜਿਨ੍ਹਾਂ ਭਗਤ ਜਨਾਂ ਨੂੰ ਇਸ ਬਿਧਿ ਸੁਤੇ-ਸਿਧ ਹੀ ਮਨੋ ਕਾਮਨਾ ਨਸੀਬ ਹੋ ਜਾਵੇ ਉਹ ਦਰ ਹਕੀਕਤ ਨਿਸਕਾਮ ਭਗਤੀ ਵਾਲੇ ਹੀ ਭਗਤ ਜਨ ਹੁੰਦੇ ਹਨ, ਤਿਨ੍ਹਾਂ ਨਿਸਕਾਮ ਭਗਤੀ ਵਾਲਿਆਂ ਨੂੰ ਇਸ ਨਿਸਕਾਮ ਭਗਤੀ ਦੇ ਬਿਹੂਣ ਹੋਰ ਹੋਛੀਆਂ ਇਛਾਵਾਂ ਚਿਤ-ਚੇਤੇ ਹੀ ਨਹੀਂ ਆਉਂਦੀਆਂ, ਉਹ ਨਿਸਕਾਮ ਭਗਤ ਜਨ ਹਰਦਮ ਨਿਹਕਾਮ ਭਗਤੀ ਵਿਚ ਹੀ ਲੀਨ ਰਹਿੰਦੇ ਹਨ, ਮਨ-ਬਚਣ-ਕ੍ਰਮ ਕਰਕੇ ਤਿਨ੍ਹਾਂ ਗੁਰਮਤਿ ਦੇ ਨਿਸ਼ਕਾਮ ਭਗਤੀ ਵਾਲੇ ਨਿਹਕਾਮੀ ਜਨਾਂ ਨੂੰ ਦੁਨੀਆਂ ਕਰਕੇ ਹਰ ਦਿਲ ਅਜ਼ੀਜ਼ ਹੋਣ ਵਾਲੀ ਇਛਾ ਬੜਾ ਹੀ ਆਤਮ ਘਾਟਾ ਪ੍ਰਤੀਤ ਹੁੰਦਾ ਹੈ। ਨਿਸਕਾਮ ਭਗਤੀ ਤਿਨ੍ਹਾਂ ਨੂੰ ਨਸੀਬ ਹੀ ਨਹੀਂ ਹੋ ਸਕਦੀ। ਜੋ ਉਪਰ ਦਸੇ ਲੋਕਿਕ ਹਰਦਿਲ ਅਜ਼ੀਜ਼ੀ ਦੇ ਖੋਟਿਆਂ ਲਾਹਿਆਂ ਵਿਚ ਪੈ ਕੇ ਆਪਣਾ ਜੀਵਨ ਬਰਬਾਦ ਕਰਦੇ ਹਨ। ਅਜਿਹੀ ਗੁਰਮਤਿ ਸੁਮਤੜੀ ਨਿਸਕਾਮ ਭਗਤੀ ਵਾਲੀ ਤਿਸ ਭਗਤ ਜਨ (ਸੇਵਕ ਜਨ) ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਉਪਰ ਵਾਹਿਗੁਰੂ ਦੀ ਖਾਸ ਮੇਹਰ ਨਦਰਿ (ਕ੍ਰਿਪਾ) ਹੋਵੇ, ਗੁਰਮਤਿ-ਮਤਿ ਸਚੜੀ ਗੁਰਮਤਿ ਤਿਸੇ ਭਗਤ ਜਨ ਨੂੰ ਹੀ ਮਿਲਦੀ ਹੈ ਜੋ ਉਪਰ ਦਸੇ ਅਨੁਸਾਰ ਨਿਸਕਾਮ ਭਗਤੀ ਦਾ ਉਤਪੁਤਲਾ ਹੋਵੇ। ਸਚੀ ਗੁਰਮਤਿ ਨਿਸ਼ਕਾਮ ਭਗਤੀ ਹੀ ਹੈ, ਨਿਸਕਾਮ ਭਗਤੀ ਵਿਚ ਪ੍ਰਾਇਣ ਹੋ ਕੇ ਲੀਨ ਹੋਣ ਵਾਲਿਆਂ ਨੂੰ ਹੋਰ ਕੁਮਤੜੀ ਹੋਛੀਆਂ ਇਛਾਵਾਂ ਵਾਲੀ ਸੁਪਨ ਸਾਰਖੀ ਵੀ ਨਹੀਂ ਫੁਰਦੀ। ਜਿਹੜਾ ਵਾਹਿਗੁਰੂ ਦੇ ਦਰ ਤੇ ਪ੍ਰਵਾਨ ਹੈ ਉਹੀ ਸੰਤ ਭਗਤ ਵਾਹਿਗੁਰੂ ਨੂੰ ਚੰਗਾ ਲਗਦਾ ਹੈ। ਉਹੀ ਜੀਵ ਸਰੇਸ਼ਟ ਜਨ ਹਨ ਜਿਨ੍ਹਾਂ ਨੇ ਵਾਹਿਗੁਰੂ ਨੂੰ ਧਿਆਇਆ ਹੈ। ਅੰਮ੍ਰਿਤ ਰੂਪੀ ਨਾਮ ਦਾ ਖਜ਼ਾਨਾ ਤਿਨ੍ਹਾਂ ਦੇ ਵਿਰਸੇ


www.AKJ.Org

ਵਿਚ ਆਇਆ ਹੈ। ਯਥਾ ਗੁਰਵਾਕ :–

ਸੰਤ ਭਗਤ ਪਰਵਾਣੁ ਜੋ ਪ੍ਰਭੁ ਭਾਇਆ ॥
ਸੇਈ ਬਿਚਖਣ ਸੰਤ ਜਿਨੀ ਹਰਿ ਧਿਆਇਆ ॥
ਅੰਮ੍ਰਿਤਿ ਨਾਮੁ ਨਿਧਾਨੁ ਭੋਜਨੁ ਖਾਇਆ ॥

ਅਜੇਹੇ ਸੰਤ ਭਗਤ ਜਨਾਂ ਨੂੰ ਵਾਹਿਗੁਰੂ ਦੇ ਨਾਮ ਬਿਨਾਂ ਹੋਰ ਕੁਛ ਭਾਉਂਦਾ ਹੀ ਨਹੀਂ। ਉਹ ਹਰ ਦਮ ਨਿਸਕਾਮ ਭਗਤੀ ਵਿਚ ਹੀ ਲੀਨ ਰਹਿੰਦੇ ਹਨ। ਤਿਨ੍ਹਾਂ ਨੂੰ ਲੋਕਕ ਵਡਿਆਈ ਵਾਲੇ ਕਾਰਜ ਸੁਪਨੇ ਮਾਤਰ ਹੀ ਨਹੀਂ ਪੋਂਹਦੇ। ਜੋ ਜਨ ਹਰਦਿਲ ਅਜ਼ੀਜ਼ੀ ਦਾ ਚਾਹਵਾਨ ਹੈ, ਉਸਦੇ ਨਿਕਟ ਨਿਸਕਾਮ ਭਗਤੀ ਭਟਕਦੀ ਹੀ ਨਹੀਂ। ਸਚੇ ਪਾਤਸ਼ਾਹ ਤਿਸ ਗੁਣ ਗਾਵਨਹਾਰੇ ਢਾਡੀ ਦੇ ਕੁਰਬਾਨ ਜਾਂਦੇ ਹਨ ਜੋ ਵਾਹਿਗੁਰੂ ਦਾ ਸੱਚਾ ਸੇਵਕ ਭਗਤ ਜਨ ਹੈ। ਤਿਸ ਭਗਤ ਜਨ ਢਾਡੀ ਦਾ ਸਭ ਤੋਂ ਸ੍ਰੇਸ਼ਟ ਕੰਮ ਵਾਹਿਗੁਰੂ ਦੇ ਗੁਣ ਗਾਵਣਾ ਹੀ ਹੈ। ਉਸੇ ਢਾਡੀ ਜਨ ਦੇ ਨਿਰੰਕਾਰ ਵਾਹਿਗੁਰੂ ਸਦਾ ਹੀ ਹਿਰਦੇ ਅੰਦਰ ਵਸਦੇ ਹਨ, ਜੋ ਹਰਦਮ ਵਾਹਿਗੁਰੂ ਨੂੰ ਹੀ ਲੋੜਦਾ ਹੈ ਉਹੀ ਗੁਣ ਗਾਵਨ ਹਾਰਾ ਭਗਤ ਜਨ ਢਾਡੀ ਸਭ ਤੋਂ ਭਾਗਾਂ ਵਾਲਾ ਹੈ, ਜਿਸ ਦਾ ਵਾਹਿਗੁਰੂ ਦਾ ਦੁਆਰਾ ਹੀ ਸਚਾ ਠਿਕਾਣਾ ਹੋਇਆ ਹੈ। ਐਸਾ ਭਗਤ ਜਨ ਦਿਨੇ ਰਾਤ ਵਾਹਿਗੁਰੂ ਨੂੰ ਹੀ ਧਿਆਉਂਦਾ ਰਹਿੰਦਾ ਹੈ ਤੇ ਵਾਹਿਗੁਰੂ ਦੀ ਹੀ ਸਿਫਤ ਸਲਾਹ ਕਰਦਾ ਰਹਿੰਦਾ ਹੈ। ਉਹ ਵਾਹਿਗੁਰੂ ਦੇ ਦੁਆਰਿਓਂ ਖਿਨ ਖਿਨ ਅੰਮ੍ਰਿਤ ਨਾਮ ਦੀ ਦਾਤ ਹੀ ਮੰਗਦਾ ਹੈ ਅਤੇ ਉਸਨੂੰ ਕਦੇ ਹਾਰ ਨਹੀਂ ਆਉਂਦੀ। ਸਚਾ ਨਾਮ ਹੀ ਉਸਦਾ ਕਪੜਾ ਤੇ ਭੋਜਨ ਹੈ ਅਤੇ ਉਸਦੇ ਹਿਰਦੇ ਅੰਦਰ ਵਾਹਿਗੁਰੂ ਦੀ ਸਚੀ ਪ੍ਰੀਤੀ ਹੀ ਧਾਰਨ ਰਹਿੰਦੀ ਹੈ। ਉਹ ਭਗਤ ਢਾਡੀ ਜਨ ਸਭ ਤੋਂ ਗੁਣਵੰਤ ਹੈ ਜਿਸਨੂੰ ਵਾਹਿਗੁਰੂ ਦਾ ਸਚਾ ਪਿਆਰ ਹੈ। ਯਥਾ ਗੁਰਵਾਕ :–

"ਹਉ ਤਿਸੁ ਢਾਡੀ ਕੁਰਬਾਣੁ ਜਿ ਤੇਰਾ ਸੇਵਦਾਰੁ ॥ ਹਉ ਤਿਸ ਢਾਡੀ ਬਲਿਹਾਰ ਜਿ ਗਾਵੈ ਗੁਣ ਅਪਾਰ ॥ ਸੋ ਢਾਡੀ ਧਨੁ ਧੰਨੁ ਹੈ ਜਿਸੁ ਲੋੜੇ ਨਿਰੰਕਾਰੁ ॥ ਸੋ ਢਾਡੀ ਭਾਗਠੁ ਜਿਸੁ ਸਚਾ ਦੁਆਰੁ ਬਾਰੁ ॥ ਓਹ ਢਾਡੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤੁ ਨਾਮੁ ਨਾ ਆਵੈ ਕਦੇ ਹਾਰ ॥ ਕਪੜੁ ਭੋਜਨੁ ਸਚੁ ਰਹਿੰਦਾ ਲਿਵੈ ਧਾਰ ॥ ਸੋ ਢਾਡੀ ਗੁਣਵੰਤੁ ਜਿਸ ਨੋ ਪ੍ਰਭੁ ਪਿਆਰੁ ॥"

ਨਿਸਕਾਮ ਭਗਤੀ ਵਾਲੇ ਭਗਤ ਨੂੰ ਫੁਰਸਤ ਹੀ ਨਹੀਂ ਮਿਲਦੀ ਕਿ ਉਹ ਲੋਕਾਂ ਤੋਂ ਉਸਤਤ ਕਰਾਵੇ ਅਤੇ ਹਰ ਦਿਲ ਅਜ਼ੀਜ਼ੀ ਦਾ ਪਾਤਰ ਬਣੇ। ਉਹ ਤਾਂ ਨਿਰੰਕਾਰ ਵਾਹਿਗੁਰੂ ਦੇ ਸਰੂਪ ਵਿਚ ਹੀ ਖੀਵਾ ਰਹਿੰਦਾ ਹੈ ਅਤੇ ਦਿਨੇ ਰਾਤ ਵਾਹਿਗੁਰੂ ਨਾਮ ਦੇ ਅਭਿਆਸ ਵਿਚ ਹੀ ਖਿਨ ੨ ਮਸਤੁਲ ਮਸਤ ਹੈ। ਉਸਨੂੰ ਦੁਨੀਆਂ ਦੀਆਂ ਚਾਕਰੀਆਂ ਚੰਗਿਆਈਆਂ ਵਡਿਆਈਆਂ ਹਰਗਿਜ਼ ਭਾਉਂਦੀਆਂ ਹੀ ਨਹੀਂ, ਉਸਨੂੰ ਵਡਾ ਕਹਾਉਣ ਦਾ ਫੁਰਨਾ ਹੀ ਨਹੀਂ ਫੁਰਦਾ। ਤਾਂ ਤੇ ਨਿਸਕਾਮ ਭਗਤੀ ਵਾਲੇ ਸਚੇ ਭਗਤ ਜਨ ਦੀ ਜੀਵਨ ਪਰੀਖਿਆ ਨਿਸਕਾਮ ਭਗਤੀ ਬਿਨਾਂ ਹੋਰ ਕੁਛ ਬਾਕੀ ਰਹਿੰਦੀ ਹੀ ਨਹੀਂ। ਉਸਦੀਆਂ ਸਾਰੀਆਂ ਲੋੜਾਂ ਨਿਸਕਾਮ ਭਗਤੀ ਬਿਹੂਣ ਉਡ ਜਾਂਦੀਆਂ ਹਨ। ਲੋਕਾਂ ਦਾ ਹਰਮਨ ਪਿਆਰਾ ਬਣਨ ਲਈ ਉਸਦੇ ਅੰਦਰ ਜਜ਼ਬਾ ਹੀ ਨਹੀਂ ਉਠਦਾ। ਅਮਰ ਜੀਵਨੀ ਭਗਤ ਜਨ ਕੀ ਆਖ ਅਤੇ ਹਰਮਨ ਪਿਆਰਾ ਬਣਨ ਦਾ ਜਜ਼ਬਾ ਕੀ ਆਖ। ਇਹ ਦੋਈ ਮੁਤਜ਼ਾਦ ਗਲਾਂ ਹਨ। ਨਿਸਕਾਮ ਭਗਤੀ ਵਾਲੇ ਭਗਤ ਜਨ ਨੂੰ ਭਗਤ ੧ ਰੂਪੀ ਸਿਮਰਨ ਸੇਵਾ ਬਿਨਾਂ ਹੋਰ ਕੋਈ ਸੇਵਾ ਹੀ ਨਹੀਂ ਸੁਝਦਾ ੧ ਉਹੋ ਸਾਸ ਗਰਾਸ ਸਚੀ ਸਿਮਰਨ ਦਾ ਸੇਵਾਦਾਰ ਹੀ ਬਣਿਆ ਰਹਿੰਦਾ ਹੈ ਉਸਨੂੰ ਅਪਾਰ ਵਾਹਿਗੁਰੂ ਦੇ ਗੁਣਾਂ ਦੇ ਗਾਵਣ ਬਿਨਾਂ ਹੋਰ ਕਿਸੇ ਪਾਸੇ ਵਿਹਲ ਹੀ ਨਹੀਂ ਮਿਲਦਾ। ਬਸ, ਨਿਸਕਾਮ ਭਗਤੀ ਤਿਸੇ ਭਗਤ ਸੇਵਕ ਜਨ ਨੂੰ ਹੀ ਪਰਾਪਤ ਹੁੰਦੀ ਹੈ ਜੋ ਹਰਦਮ ਵਾਹਿਗੁਰੂ ਦੀ ਸੇਵਾ ਭਗਤੀ ਦੇ ਖਮੀਰ ਵਿਚ ਹੀ ਰੁਧਾ ਗੁਧਾ ਰਹੇ। ਇਸ ਗੇੜ ਰੁਝੇਵੇ ਤੋਂ ਘੁਥਿਆ (ਖਿਸਕਿਆ) ਨਹੀਂ ਅਤੇ ਨਿਸਕਾਮ


www.AKJ.org

ਭਗਤੀ ਵਾਲੀ ਸਚੀ ਖੇਡ ਤੋਂ ਖੁੰਝਿਆ ਨਹੀਂ। ਨਿਸਕਾਮ ਭਗਤੀ ਵਿਚ ਹੀ ਲਿਵ ਮਸਤ ਰਹਿਣਾ ਉਸਦਾ ਸਚਾ ਆਹਾਰ ਤੇ ਲਬਾਸ ਹੋ ਜਾਂਦਾ ਹੈ ਵਾਹਿਗੁਰੂ ਦੇ ਪਰੇਮ ਪਿਆਰ ਪਰੇਮ ਭਗਤੀ ਸਹਿਤ ਜੁੜਿਆ ਰਹਿਣ ਨਿਸਕਾਮ ਭਗਤੀ ਵਾਲੇ ਸਚੇ ਭਗਤ ਜਨ ਦਾ ਸਚੜਾ ਸ਼ੁਆਰ ਹੀ ਹੋ ਜਾਂਦਾ ਹੈ। ਤਿਸਦੇ ਨੇੜੇ ਵਡਾ ਬਣਨ ਯਾ ਵਡਾ ਅਖਵਾਉਣ ਵਾਲੀ ਚਸਕਾ ਬਾਜ਼ੀ ਕਦੀ ਵੀ ਨਹੀਂ ਢੁਕਦੀ।

ਵਾਹਿਗੁਰੂ ਨਾਮ ਦੀ ਨਿਰਛਲ ਹੋ ਕੇ ਸਿਮਰਨ ਰੂਪੀ ਸੇਵਾ ਕੀਤੀ ਹੋਈ ਸੋਈ ਪ੍ਰਵਾਨ ਹੈ, ਨਿਸਕਾਮ ਭਗਤੀ ਵਾਲਿਆਂ ਨੂੰ ਅਜੇਹੀ ਸੇਵਾ ਕੀਤੀ ਹੀ ਪਰਵਾਨ ਪੈਂਦੀ ਹੈ। ਨਿਸਕਾਮ ਭਗਤੀ ਕਰਨਹਾਰੇ ਸੇਵਕ ਜਨਾਂ ਨੂੰ ਸੁਤੇ-ਸਿਧ ਹੀ ਸਭ ਪਰਕਾਰ ਦੇ ਸੁਖ ਪਰਾਪਤ ਹੋ ਜਾਂਦੇ ਹਨ। ਜਿਸ ਵਾਹਿਗੁਰੂ ਦੇ ਵਸ਼ਗਤਿ ਸਭ ਕਿਛ ਹੈ ਸੋਈ ਸਭ ਤੋਂ ਵਡਾ ਹੈ ਐਸੇ ਸਭ ਤੋਂ ਵਡੇ ਵਾਹਿਗੁਰੂ ਨੂੰ ਸੁਤੇ-ਸਿਧ ਹੀ ਸਦਾ ਧਿਆਵਨ ਕਰ ਸਭ ਕਿਛ ਰਿਧੀ ਸਿਧੀ ਆਦਿਕ ਪਿਛੇ ਲਗੀ ਫਿਰਦੀ ਹੈ ਗੁਰੂ ਨਾਨਕ ਸਾਹਿਬ ਦੀ ਬਾਣੀ ਬਾਰੋ ਬਾਰ ਇਹੀ ਉਪਦੇਸ਼ਦੀ ਹੈ ਕਿ ਐਸਾ ਵਡਾ ਸਭ ਦਾ ਸਾਂਈ ਵਾਹਿਗੁਰੂ ਸਦਾ ਹੀ ਸਭ ਦੇ ਨਾਲ ਹੈ ਜਿਸ ਨੂੰ ਧਿਆਵਨ ਕਰਕੇ ਸਭਸ ਦਾ ਛੁਟਕਾਰਾ ਹੋ ਜਾਂਦਾ ਹੈ ਯਥਾ ਗੁਰਵਾਕ :-

"ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਾਈਐ ॥ ਜਿਸ ਕੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ ਸੋ ਮੇਰੇ ਮਨ ਸਦਾ ਧਿਆਈਐ ॥ ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ ਹਰਿ ਸਦਾ ਧਿਆਇ ਤੂ ਤੁਧੁ ਲਏ ਛਡਾਈਐ ॥"

ਇਕ ਵਾਹਿਗੁਰੂ ਦੀ ਪੂਜਾ ਸੇਵਾ ਹਰ ਇਕ ਨਿਸਕਾਮ ਭਗਤੀ ਵਾਲੇ ਸੇਵਕ ਜਨ ਲਈ ਦੀਨ-ਦੁਨੀ ਦਾ ਆਸਰਾ ਹੈ ਤਾਂ ਤੇ ਨਿਸਕਾਮ ਭਗਤੀ ਵਾਲੇ ਸੇਵਕ ਭਗਤ-ਜਨਾਂ ਨੂੰ ਵਾਹਿਗੁਰੂ ਦੇ ਸਿਮਰਨ ਰੂਪੀ ਸੇਵਾ ਬਿਨਾਂ ਹੋਰ ਸੇਵਾ ਕੀਤਿਆਂ ਮਨੁਖਾਂ ਜਨਮ ਬਿਰਥਾ ਹੀ ਜਾਂਦਾ ਹੈ, ਵਾਹਿਗੁਰੂ ਦੀ ਸਿਮਰਨ ਸੇਵਾ ਲਈ ਨਿਸਕਾਮ ਸੇਵਾ ਕੀਤਿਆਂ ਮਨ ਇਛਤ ਫਲ ਮਿਲਦਾ ਹੈ। ਤੇ ਸੁਤੇ-ਸਿਧ ਹੀ ਮਿਲਦਾ ਹੈ, ਅਚਿੰਤਾ ਹੀ ਆਇ ਪ੍ਰਾਪਤ ਹੁੰਦਾ ਹੈ। ਤਾਂ ਤੇ ਵਾਹਿਗੁਰੂ ਦੀ ਸਿਮਰਨ ਭਗਤੀ ਰੂਪੀ ਨਿਸਕਾਮ ਸੇਵਾ ਕਰਨਹਾਰਿਆਂ ਨੂੰ ਕੇਵਲ ਨਿਸਕਾਮ ਭਗਤੀ ਰੂਪੀ ਸਚੀ ਪ੍ਰੀਤੀ ਅਤੇ ਸਚੀ ਰੀਤੀ ਧਾਰਨ ਕੀਤੀ ਰਖਣੀ ਚਾਹੀਦੀ ਹੈ ਅਤੇ ਨਿਸਕਾਮ ਭਗਤੀ ਰੂਪੀ ਸਚੀ ਸੇਵਾ ਸਿਮਰਨਰੂਪੀ ਕਥਾ ਕਹਾਣੀ ਹੀ ਕਰੀ ਜਾਣੀ ਚਾਹੀਦੀ ਹੈ ਸਤਿ-ਗੁਰੂ ਦੀ ਅਪਾਰ ਕ੍ਰਿਪਾ ਦੁਆਰਾ ਜੋ ਨਿਸਕਾਮ ਭਗਤੀ ਵਾਲੇ ਸਚੇ ਸੇਵਕ ਭਗਤ ਜਨ ਦੇ ਮਨ ਵਿਖੇ ਵਾਹਿਗੁਰੂ ਦਾ ਸਚਾ ਸਿਮਰਨ ਵਸ ਜਾਏ ਤਾਂ ਏਸ ਤੋਂ ਵਧ ਕਰਕੇ ਕੋਈ ਵੀ ਨਿਸਕਾਮ ਸੇਵਾ ਨਹੀਂ ਹੋ ਸਕਦੀ, ਨਿਸਕਾਮ ਭਗਤੀ ਵਾਲੇ ਸੇਵਕ ਜਨਾਂ ਨੂੰ ਨਿਸਕਾਮ ਭਗਤੀ ਵਾਲੀ ਸਚੀ ਸਿਮਰਨ ਸੇਵਾ ਹੀ ਬਨ ਆਉਂਦੀ ਹੈ, ਨਿਸਕਾਮ ਭਗਤੀ ਹੀ ਸਭ ਤੋਂ ਅਫਜ਼ਲ ਸੇਵਾ ਹੈ, ਵਾਹਿਗੁਰੂ ਨਾਮ ਦਾ ਸਿਮਰਨ ਹੀ ਨਿਸਕਾਮ ਭਗਤੀ ਵਾਲੇ ਸੇਵਕ ਭਗਤ ਜਨਾਂ ਲਈ ਸਚਾ ਬੰਧਪ ਭਾਈ ਹੈ, ਨਿਸਕਾਮ ਭਗਤੀ ਵਾਲੇ ਸੇਵਕ ਜਨਾਂ ਨੂੰ ਹਰਦਮ ਸਿਮਰਨ ਕਰਨ ਦੀ ਭੁਖ ਹੀ ਲਗੀ ਰਹਿੰਦੀ ਹੈ ਉਨ੍ਹਾਂ ਦਾ ਮਨ ਤਨ ਵਾਹਿਗੁਰੂ ਨਾਮ ਦੇ ਸਿਮਰਨ ਨਾਲ ਹੀ ਤ੍ਰਿਪਤਾਉਂਦਾ ਹੈ, ਵਾਹਿਗੁਰੂ ਦਾ ਨਾਮ ਹੀ ਨਿਸਕਾਮ ਸੇਵਾ ਭਗਤੀ ਵਾਲੇ ਸੇਵਕ ਜਨਾਂ ਲਈ ਅੰਤੀ ਅਉਸਰ ਕੰਮ ਆਉਂਦਾ ਹੈ, ਵਾਹਿਗੁਰੂ ਨਾਮ ਬਿਨਾਂ ਨਿਸਕਾਮ ਭਗਤੀ ਵਾਲੇ ਭਗਤ ਜਨਾਂ ਨੂੰ ਹੋਰ ਸਭ ਰਾਸ ਖੋਟੀ ਪਰਤੀਤ ਹੁੰਦੀ ਹੈ। ਨਿਸਕਾਮ ਭਗਤੀ ਵਾਲੇ ਸੇਵਕ ਜਨ ਵਾਹਿਗੁਰੂ ਦੇ ਸਿਮਰਨ ਬਾਝੋਂ ਹੋਰ ਕੋਈ ਖੋਟੀ ਰਾਸ ਸਹੇੜਦੇ ਨਹੀਂ। ਯਥਾ ਗੁਰਵਾਕ :- ਗੂਜਰੀ ਮਹਲਾ ੩ ॥

"ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥ ਹਰਿ ਕੀ ਸੇਵਾ ਤੇ ਮਨਹੁ ਚਿੰਦਿਆ


www.AKJ.org

ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥ ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥ ਗੁਰਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ॥੧॥ ਰਹਾਉ॥ ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥ ਹਰਿ ਕੀ ਮੈ ਭੁਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥੨॥ ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲਿ ਨ ਜਾਈ ॥ ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ॥੩॥...... ।

ਨਿਸਕਾਮ ਭਗਤੀ ਵਾਲੇ ਸਚੇ ਤੇ ਸੁਚੇ ਸੇਵਕ ਭਗਤਾਂ ਨੂੰ ਨਿਰਸੰਦੇਹ ਤੇ ਨਿਰਯਤਨ ਹੀ ਉਹ ਸਾਰੇ ਫਲ ਪਰਾਪਤ ਹੋ ਰਹਿੰਦੇ ਹਨ, ਜਿਨ੍ਹਾਂ ਦੇ ਪਿਛੇ ਦੁਨੀਆਂ ਪਈ ਧੈਧੈ ਧਾਉਂਦੀ ਰਹਿੰਦੀ ਹੈ। ਨਿਸਕਾਮ ਭਗਤੀ ਵਾਲੇ ਸੇਵਕ ਜਨਾਂ ਨੂੰ ਕਿਸੇ ਫਲ ਪਰਾਪਤੀ ਦੀ ਇਛਾ ਨਹੀਂ ਹੁੰਦੀ, ਨ ਹੀ ਉਹ ਇਨ੍ਹਾਂ ਕੂੜਾਵੀਆਂ ਇਛਾਵਾਂ ਦੇ ਪਿਛੇ ਲਗ ਤੁਰਦੇ ਹਨ, ਯਥਾ ਗੁਰਵਾਕ :-

"ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨ ਹਰਿ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ ਫਲ ਹੈ ਜੀਅ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ ॥ ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨ ਦੇਵਕਾ ॥"

ਭਾਵ ਨਿਸਕਾਮ ਭਗਤੀ ਵਾਲੀ ਵਾਹਿਗੁਰੂ ਦੇ ਕੀਰਤਨ ਮਈ ਵਡਿਆਈ ਐਸੀ ਵਡੀ ਹੈ ਜੋ ਸੁਤੇ ਸੁਭਾਵ ਹੀ ਚਿਤ ਵਿਚ ਸੁਫੁਰਨ ਹੋ ਕੇ ਫਲ ਪਰਾਪਤ ਹੋ ਜਾਂਦੇ ਹਨ, ਨਿਸਕਾਮ ਭਗਤੀ ਵਾਲੇ ਸਜਣ ਕਿਸੇ ਹੋਛੀ ਫਲ ਪਰਾਪਤੀ ਲਈ ਭਗਤੀ ਨਹੀਂ ਕਰਦੇ, ਨਿਸਕਾਮ ਭਗਤੀ ਵਾਲੇ ਸਜਣ ਨੂੰ ਨਿਰਇਛਤ ਹੀ ਫਲ ਪਰਾਪਤ ਆ ਹੋਵੇ ਹੋਰ ਗਲ ਹੈ ਅਤੇ ਇਨ੍ਹਾਂ ਫਲਾਂ ਪਿਛੇ ਧਾਰਣਾ ਬੜੀ ਖੋਟੀ ਵਾਸ਼ਨਾ ਹੈ, ਸੰਸਾਰਕ ਵਡਿਆਈ ਵਾਲੀ ਖੋਟੀ ਵਾਸ਼ਨਾ ਨਿਸ਼ਕਾਮ ਭਗਤੀ ਵਾਲੇ ਜਨਾਂ ਨੂੰ ਚਿਮੜਦੀ ਹੀ ਨਹੀਂ, ਨਿਸਕਾਮ ਭਗਤੀ ਵਾਲੀ ਪਰੀਤੀ ਕਦੇ ਵੀ ਟੁਟਦੀ ਨਹੀਂ ਐਸੀ ਨਿਰਮਲ ਰੀਤੀ ਹੈ ਨਿਸਕਾਮ ਭਗਤੀ ਸੁਚੀ ਸੁਚੀ ਵਾਸ਼ਨਾ ਵਾਲੇ ਦਾਸ ਜਨਾਂ ਦੀ, ਯਥਾ ਗੁਰਵਾਕ :-

"ਕਿਤੇ ਪ੍ਰਕਾਰਿ ਨ ਤੂਟਉ ਪ੍ਰੀਤਿ ॥
ਦਾਸ ਤੇਰੇ ਕੀ ਨਿਰਮਲ ਰੀਤਿ ॥"

ਸਾਰ ਸਿਟਾ ਇਹ ਸਾਬਤ ਹੋ ਚੁਕਾ ਹੈ ਕਿ ਨਿਸਕਾਮ ਭਗਤੀ :

੧) ਕੇਵਲ ਕਾਮਨਾ ਰਹਿਤ ਭਗਤੀ ਹੈ ।
੨) ਦੁਨਿਆਵੀ ਵਡਿਆਈ ਤੇ ਸੰਸਾਰਕ ਮਹਿਮਾ ਦਾ ਲੇਸ ਮਾਤਰ ਨਹੀਂ ਹੋਣਾ ਚਾਹੀਦਾ ।
੩) ਜੋ ਪੁਰਸ਼ ਹਰ ਦਿਲ ਅਜ਼ੀਜ਼ ਬਣਨ ਦੀ ਖਾਤਰ ਭਗਤੀ ਭਾਵ ਦੀ ਡੀਂਗ ਮਾਰਦੇ ਹਨ, ਓਹ ਨਿਰੇ ਹੀ ਦੁਨੀਆਂ ਦਾਰ ਹਨ—ਇਥੇ ਨਿਸਕਾਮ ਭਗਤੀ ਦਾ ਲੇਸ ਮਾਤਰ ਨਹੀਂ ਹੋ ਸਕਦਾ ।

ਨਿਸਕਾਮ ਭਗਤੀ ਕੀ ? ਅਤੇ ਹਰ ਦਿਲ ਅਜ਼ੀਜ਼ ਬਣਨ ਦੀ ਲਾਲਸਾ ਕੀ ? ਦੋਨੋ ਗਲਾਂ ਇਕ ਦੂਜੇ ਦੇ(Contrary)ਵਿਰੁਧ ਹਨ । ਸੰਸਾਰੀ ਗਰਜ਼ ਖਾਤਰ ਕੀਤੀ ਹੋਈ ਭਗਤੀ ਹਰਗਿਜ਼ ਨਿਸਕਾਮ ਭਗਤੀ ਨਹੀਂ ਅਖਵਾ ਸਕਦੀ । ਸੰਸਾਰੀ ਗਰਜ਼ਾਂ ਨੂੰ ਪੂਰਾ ਕਰਨ ਖਾਤਰ ਜੋ ਲੋਗ ਭਗਤੀ ਕਰਨ ਦਾ ਸਵਾਰਥੀ ਚਜ ਰਚਦੇ ਹਨ, ਉਹ ਹਰਗਿਜ਼ ੨ ਨਿਸਕਾਮ ਭਗਤੀ ਨਹੀਂ ਕਰ ਸਕਦੇ । ਜਿਸ ਹਿਰਦੇ ਅੰਦਰ ਕੁਝ ਬਣਨ ਦੀ ਲਾਲਸਾ ਹੈ, ਉਸ ਹਿਰਦੇ ਅੰਦਰ ਨਿਸਕਾਮ ਭਗਤੀ ਦਾ ਨਮੂਦ ਨਹੀਂ ਆ ਸਕਦਾ । ਦੁਨੀਆਂ ਨੂੰ ਠਗਣ ਖਾਤਰ ਉਹ ਦਿਖਾਵੇ ਦੀ ਭਗਤੀ ਕਰਦੇਹਨ, ਓੜਕ ਉਨ੍ਹਾਂ ਦਾ ਪਾਜ ਉਘੜ ਜਾਂਦਾ ਹੈ। ਤਿਨ੍ਹਾਂ ਨੂੰ ਸੁਪਨ ਸਾਰਖੀ ਭੀ ਨਿਸਕਾਮ ਭਗਤੀ ਨਸੀਬ ਨਹੀਂ ਹੋ ਸਕਦੀ ਹੈ । ਸੰਸਾਰਕ ਮਸ਼ਹੂਰੀ ਲਈ ਕੀਤੀ ਹੋਈ ਕੇਵਲ ਸਵਾਰਥੀ ਭਗਤੀ ਕਹਾ ਸਕਦੀ ਹੈ । ਨਿਸਕਾਮ ਭਗਤੀ ਦਾ ਉਹ ਲੋਗ ਢੋਂਗ


www.AKJ.Org

ਹੀ ਰਚਦੇ ਹਨ। ਢੋਂਗ-ਰਚਣੀ ਭਗਤੀ ਕੀਤੀ ਹੋਈ ਕਿਸੇ ਲੇਖੇ ਵੀ ਨਹੀਂ ਪੈਂਦੀ, ਨਾਹੀ ਉਨ੍ਹਾਂ ਦਾ ਸਵਾਰਥ ਪੂਰਾ ਹੁੰਦਾ ਹੈ, ਨਾ ਹੀ ਤਤ-ਭਗਤੀ ਦਾ ਮੁਸ਼ਕ ਮਾਤ੍ਰ ਤਿਨਾਂ ਨੂੰ ਲਭਦਾ ਹੈ। ਏਸ ਗੁਰਵਾਕ ਦੇ ਭਾਵ ਪੂਰਤ ਚਾਨਣੇ ਅੰਦਰ–

'ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤ ਸੁਆਮੀ'

ਕੇਵਲ ਕਾਮਨਾ ਰਹਿਤ ਸੰਸਾਰਕ ਵਡਿਆਈ ਮਈ ਆਮਨਾ ਰਹਿਤ ਕੀਤੀ ਹੋਈ ਨਰੋਲ ਪਰੇਮਾਂ ਭਗਤੀ ਵਾਹਿਗੁਰੂ ਦਰਸ਼ਨ ਦੇ ਰੰਗਾਂ ਮਈ ਪਰਮਾਰਥੀ ਵਾਹਿਗੁਰੂ ਸਚੇ ਸੁਆਮੀ ਦੇ ਪਰਾਪਤੀ ਦੀ ਲੜੀ ਬਣ ਸਕਦੀ ਹੈ। ਤਿਥੇ ਕੇਵਲ ਤਿਥੇ ਹੀ ਸਚੜੀ ਨਿਸਕਾਮ ਭਗਤੀ ਦਾ ਸਚਾ ਧੁਰਵਾ ਬਝ ਸਕਦਾ ਹੈ। ਸੰਸਾਰਕ ਗਰਜ਼ਾਂ ਲਈ ਕੀਤੀ ਹੋਈ ਭਗਤੀ ਕਪਟ ਭਗਤ ਤਾਂ ਕਹਾ ਸਕਦੀ ਹੈ। ਪਰੰਤੂ ਨਿਸਕਾਮ ਭਗਤੀ ਉਕੀ ਨਹੀਂ ਕਹਾ ਸਕਦੀ ਗੁਰਮਤਿ ਰੂਪੀ ਸਚੜੀ ਪਰਮਾਰਥ ਭਗਤੀ ਦਾ ਰਿਸ਼ਤਾ ਕੇਵਲ ਹਰ ਪ੍ਰਕਾਰ ਦੀ ਕਾਮਨਾ ਰਹਿਤ ਸਚੜੀ ਭਗਤੀ ਦੇ ਸੁਚੜੇ ਜਜ਼ਬੇ ਤੋਂ ਉਪਜ ਸਕਦਾ ਹੈ। ਸਵਾਰਥ ਦੇ ਕਿਸੇ ਵੀ ਜਜ਼ਬੇ ਤੋਂ ਉਪਜਿਆ ਹੋਇਆ ਸਵਾਰਥੀ ਰਿਸ਼ਤਾ ਗੁਰਮਤਿ ਮਈ ਸਚੜੇ ਜਜ਼ਬੇ ਨੂੰ ਉਪਜਾ ਨਹੀਂ ਸਕਦਾ। ਕੇਵਲ "ਸੇਵਾ ਕਰਤ ਹੋਇ ਨਿਹਕਾਮੀ" ਵਾਲਾ ਸਚਾ ਗੁਰਮਤਿ ਪ੍ਰਮਾਰਥ ਭਿੰਨਾ ਸੰਸਾਰਕ ਸਵਾਰਥ ਰਹਿਤ ਸਚੜਾ ਜਜ਼ਬਾ ਹੀ ਨਿਸ਼ਕਾਮ ਭਗਤੀ ਦਾ ਸਚੜਾ ਧੁਰਵਾ ਬੰਨ੍ਹ ਸਕਦਾ ਹੈ। ਕਿਸੇ ਵੀ ਸੰਸਾਰਕ ਵਡਿਆਈ ਦਾ ਸਵਾਰਥ ਭਰਿਆ ਕਚੜਾ ਕੁਚਸਰਾ ਗੁਰਮਤਿ ਭਿੰਨੀ ਸਚੜੀ ਨਿਸਕਾਮ ਭਗਤੀ ਨਹੀਂ ਉਪਜਾ ਸਕਦਾ। ਜੋ ਪੁਰਸ਼ ਸੰਸਾਰਕ ਸਵਾਰਥ ਜਾਂ ਸਵਾਰਥੀ ਵਡਿਆਈ ਮਈ ਕਚੜੀ (Position) ਪੋਜ਼ੀਸ਼ਨ ਹਾਸਲ ਕਰਨ ਖਾਤਰ ਨਿਰੇ ਅੰਧੇਰੇ ਵਿਚ ਹੀ ਠੋਕਰਾਂ ਖਾਂਦੇ ਹਨ, ਤਿਨ੍ਹਾਂ ਦੇ ਨਿਕਟ ਨਿਸਕਾਮ ਭਗਤੀ ਦਾ ਸਵਾਰਥ ਰਹਿਤ ਪ੍ਰਮਾਰਥੀ ਜਜ਼ਬਾ ਨਿਕਟ ਨਹੀਂ ਆ ਸਕਦਾ। ਤਾਂ ਤੇ ਸਚੜੀ ਸਵਾਰਥ ਰਹਿਤ ਨਿਸ਼ਕਾਮ ਭਗਤੀ ਕਰਨ ਲਈ ਇਹ ਗਲਾਂ ਪਰਮ ਜ਼ਰੂਰੀ ਹਨ ਕਿ ਸੁਆਰਥੀ ਪੋਜ਼ੀਸ਼ਨ ਹਾਸਲ ਕਰਨ ਲਈ ਰਿਦੰਤਰੋਂ ਹੀ ਇਹ ਖਿਆਲ ਛਡ ਦੇਣ ਕਿ ਅਪਰੇਮ-ਪੂਰਤ ਕਿਸੇ ਵੀ ਸਵਾਰਥੀ ਗਰਜ਼ ਨੂੰ ਨੇੜੇ ਨ ਆਵਣ ਦਿਤਾ ਜਾਵੇ। ਬਸ ਗੁਰਮਤਿ ਭਿੰਨੜੀ ਸਚੀ ਸਵਾਰਥ ਰਹਿਤ ਨਿਸਕਾਮ ਭਗਤੀ ਕੇਵਲ ਪ੍ਰਮਾਰਥੀ ਪਰੇਮ ਕੀਤਿਆਂ ਹੀ ਉਪਜ ਸਕਦੀ ਹੈ, ਜੈਸੇ ਕਿ ਸ੍ਰੀ ਦਸਮੇਸ਼ ਜੀ ਦਾ ਇਹ ਵਾਕ ਹੈ 'ਪਰੇਮ ਕੀਏ ਪ੍ਰਭ ਪਾਈਅਤ ਹੈ" ਵਾਹਿਗੁਰੂ ਪਰਮਾਤਮਾ ਕੇਵਲ ਪਰੇਮਾ ਭਗਤੀ ਤੇ ਰੀਝਦਾ ਪਸੀਜਦਾ ਹੈ–ਹੋਰ ਕਿਸੇ ਵੀ ਕਾਮਨਾ ਭਰੀ ਸਵਾਰਥੀ ਭਗਤੀ ਤੇ ਨਹੀਂ ਰੀਝਦਾ ਹੈ।

ਦੁਨੀਆਂ ਦਾਰੀ ਦੀ ਰਖਣੀ ਪਖਣੀ ਮਹਿਜ਼ ਸੰਸਾਰਕ ਪੋਜ਼ੀਸ਼ਨ ਰਖਣੀ ਭਗਤੀ ਨਿਸਕਾਮ ਭਗਤੀ ਉਕੀ ਨਹੀਂ ਕਹਾ ਸਕਦੀ। ਉਹ ਲੋਕ ਉਕੇ ਹੀ ਭੁਲੇ ਹੋਏ ਹਨ ਜੋ ਇਸ ਪਰਕਾਰ ਦੀ ਅਪਰੇਮਨੀ ਦਸ਼ਾ ਦੇ ਹਿਰਦੇ ਅੰਦਰ ਹੁੰਦੇ ਹੋਇਆਂ ਨਿਸ਼ਕਾਮ ਭਗਤੀ ਨੂੰ ਲਭਦੇ ਫਿਰਦੇ ਹਨ। ਤਿਨ੍ਹਾਂ ਦੀ ਇਹ ਲਭਤਾ ਉਕੀ ਹੀ ਫਜ਼ੂਲ ਹੁੰਦੀ ਹੈ। ਤਿਨ੍ਹਾਂ ਫਜ਼ੂਲ ਦ੍ਰਿਸ਼ਟੀ ਵਾਲੇ ਸਵਾਰਥੀ ਪੁਰਸ਼ਾਂ ਨੂੰ ਨਿਸ਼ਕਾਮ ਭਗਤੀ ਦੀ ਲਭਤਾ ਕਦੇ ਵੀ ਪਰਾਪਤ ਨਹੀਂ ਹੋ ਸਕਦੀ ਤਿਨ੍ਹਾਂ ਸਵਾਰਥੀ ਪੁਰਸ਼ਾਂ ਨੂੰ ਸਵਾਰਥ ਰਹਿਤ ਨਿਸਕਾਮ ਭਗਤੀ ਸੁਪਨ ਸਾਰਖੀ ਭੀ ਪ੍ਰਾਪਤ ਨਹੀਂ ਹੋ ਸਕਦੀ। ਤਿਨ੍ਹਾਂ ਦਾ ਚਿਤਵਿਆ ਹੋਇਆ ਸਵਾਰਥਕ ਵਡਿਆਈ ਹਾਸਲ ਕਰਨ ਵਾਲਾ ਜਜ਼ਬਾ ਭੀ ਐਵੇਂ ਹੀ ਜਾਂਦਾ ਹੈ। ਫੋਕਟ ਸਵਾਰਥਕ ਪੋਜ਼ੀਸ਼ਨ ਹਾਸਲ ਕਰਨ ਵਾਲੀ ਖਾਮ ਖਿਆਲੀ ਵੀ ਤਿਨ੍ਹਾਂ ਦੀ ਨਸ਼ਟ ਹੋ ਜਾਂਦੀ ਹੈ। ਤਾਂ ਤੇ ਨਿਸ਼ਕਾਮ ਭਗਤੀ ਦੇ ਗਾਹਕੋ! ਤੁਸਾਡੇ ਲਈ ਨਿਸ਼ਕਾਮ ਭਗਤੀ ਦਾ ਗ੍ਰਾਹਕ ਹੋਣਾ ਤਦੇ ਹੀ ਬਣ ਆਂਵਦਾ ਹੈ, ਜੇਕਰ ਤੁਸਾਡੇ ਹਿਰਦੇ ਅੰਦਰੋਂ ਸਵਾਰਥ ਵਾਲੀ ਭਗਤੀ ਦਾ ਤੁਖ਼ਮ ਹੀ ਉਡ ਜਾਵੇ, ਬਸ, ਤਾਂ ਹੀ ਨਿਸਕਾਮ ਭਗਤੀ ਵਾਲੀ ਸਚੜੀ ਅੰਸ ਤੁਸਾਡੇ ਅੰਦਰ ਰਹਿ


www.AKJ.Org

ਸਕਦੀ ਹੈ– ਨਹੀਂ ਤਾਂ ਤੁਸਾਡਾ ਸਾਰਾ ਹੀ ਤਰਲਾ ਨਿਸਕਾਮ ਭਗਤੀ ਦਾ ਬਿਰਥਾ ਹੀ ਜਾਂਦਾ ਹੈ। ਵਡਿਆਈ ਦੇ ਸੁਾਰਥੀ ਬੰਦਿਆਂ ਦੇ ਨੇੜੇ ਲੋਕ ਪਰੋਕ ਦੇ ਸਾਰੇ ਹੀ ਮਨੋਰਥ ਐਵੇਂ ਹੀ ਜਾਂਦੇ ਹਨ।

ਨਿਸ਼ਕਾਮ ਭਗਤੀ ਦੇ ਥਾਂ ਕੇਵਲ ਠਗਤ ਭਗਤ ਹੀ ਰਹਿ ਜਾਂਦੀ ਹੈ। ਨਾਂ ਤੇ ਉਨ੍ਹਾਂ ਨੂੰ ਸੰਸਾਰਕ ਸਵਾਰਥੀ ਵਡਿਆਈ ਪਰਾਪਤ ਹੋ ਸਕਦੀ ਹੈ ਤੇ ਨਾ ਹੀ ਪਰਮਾਰਥੀ ਗੁਰਮਤਿ ਦੀ ਨਰੋਲ ਸੁਚੜੀ ਸਵਾਰਥ ਰਹਿਤ ਨਿਸ਼ਕਾਮ ਭਗਤੀ ਨਸੀਬ ਹੁੰਦੀ ਹੈ। 'ਨ ਉਪਜੈ ਨ ਪਰਾਪਤ ਹੋਇ' ਵਾਲੀ ਹੀ ਗਲ ਰਹਿ ਜਾਂਦੀ ਹੈ।

—o—

## ਲੇਖਕ ਸੱਜਣਾਂ ਦੀ ਸੇਵਾ ਵਿਚ ਬੇਨਤੀਆਂ

* ਮਾਸਕ ਪੱਤਰ ''ਸੂਰਾ'' ਲਈ ਭੇਜੀ ਜਾਣ ਵਾਲੀਆਂ ਰਚਨਾਵਾਂ ਅਣਛਪੀਆਂ ਅਤੇ ਇਸ ਪਰਚੇ ਲਈ ਹੀ ਵਿਸ਼ੇਸ਼ ਹੋਣੀਆਂ ਚਾਹੀਦੀਆਂ ਹਨ।
* ਲੇਖ ਗੁਰਬਾਣੀ ਦੇ ਅਧਾਰ ਤੇ ਗੁਰਮਤਿ ਸਬੰਧੀ ਵਿਚਾਰਾਂ, ਅਤੇ ਸਿਖ ਇਤਿਹਾਸ ਨਾਲ ਸਬੰਧਤ ਹੋਣੇ ਜ਼ਰੂਰੀ ਹਨ।
* ਇਹ ਜਰੂਰੀ ਨਹੀਂ ਕਿ ਹਰ ਇਕ ਲੇਖ ਛਪ ਸਕੇ। ਲੇਖ ਨਾਲ ਐਡੀਟਰ ਅਤੇ ਸਲਾਹਕਾਰ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਹੈ। ਲੇਖ ਨ ਛਪ ਸਕਣ ਦੀ ਸੂਰਤ ਵਿਚ ਲੇਖਕ ਸਜਣ ਨੂੰ ਧੰਨਵਾਦ ਸਹਿਤ ਵਾਪਸ ਘਲ ਦਿਤਾ ਜਾਵੇਗਾ।
* ਲੇਖਾਂ ਵਿਚ ਗੁਰਬਾਣੀ, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਸਿੰਘ ਜੀ ਤੇ ਰਹਿਤ ਨਾਮਿਆਂ ਆਦਿ ਦੀਆਂ ਤੁਕਾਂ ਸੋਧ ਕੇ ਲਿਖੀਆਂ ਹੋਣੀਆਂ ਚਾਹੀਦੀਆਂ ਹਨ। ਹਰ ਦਿਤੀ ਹੋਈ ਤੁਕ ਨਾਲ ਪੰਨਾ ਜਾਂ ਅੰਕ ਜ਼ਰੂਰ ਦਿਤੇ ਹੋਣੇ ਚਾਹੀਦੇ ਹਨ।
* ਲੇਖ ਕਾਗਜ਼ ਦੇ ਇਕ ਪਾਸੇ, ਸਵਾ ਕੁ ਇੰਚ ਹਾਸ਼ੀਆ ਛਡ ਕੇ ਸਾਫ ਸੁਥਰੇ ਲਿਖੇ ਹੋਏ ਹਰ ਮਹੀਨੇ ਦੀ ਦਸ ਤਾਰੀਖ ਤਕ ਹੇਠ ਲਿਖੇ ਐਡਰੈਸ ਤੇ ਜ਼ਰੂਰ ਬ ਜ਼ਰੂਰ ਪੁਜ ਜਾਣੇ ਚਾਹੀਦੇ ਹਨ।

ਮੈਨੇਜਰ ''ਸੂਰਾ''
੫੯੪-ੜ ਖਾਲਸਾ ਮਹਲਾ,
ਪਟਿਆਲਾ।


www.AKJ.Org

# ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ

(ਭਾਈ ਸਾਹਿਬ ਸੁਰਜਨ ਸਿੰਘ ਜੀ ਗੁਜਰਵਾਲ)

(੫)

## ਗੁਰਧਾਮ ਯਾਤ੍ਰਾ

ਇਕ ਦਫਾ ਜੱਥਾ ਗੁਰਦਵਾਰਿਆਂ ਦੀ ਯਾਤਰਾ ਵਾਸਤੇ ਤਿਆਰ ਹੋ ਕੇ ਕਿਲਾ ਰਾਇਪੁਰ ਤੋਂ ਗੱਡੀ ਚੜ ਕੇ ਕੀਰਤਨ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ। ਉਥੇ ਸਰੋਵਰ ਵਿਚ ਚੁਭੇ ਲਾ ਕੇ ਕੀਰਤਨ ਸੁਣਨ ਵਾਸਤੇ ਸੱਜ ਗਏ। ਦੂਜੇ ਦਿਨ ਸ੍ਰੀ ਤਰਨ ਤਾਰਨ ਵਾਸਤੇ ਚਾਲੇ ਪਾ ਦਿੱਤੇ। ਇਕ ਦਿਨ ਦਰਸ਼ਨ ਕਰਕੇ ਦੂਜੇ ਦਿਨ ਖਡੂਰ ਸਾਹਿਬ ਸਾਹਿਬ ਪਹੁੰਚ ਗਏ। ਉਥੇ ਜਥੇ ਨੇ ਕੀਰਤਨ ਕੀਤਾ। ਜੱਥੇ ਦੇ ਦਰਸ਼ਨ ਕਰਨ ਵਾਸਤੇ ਸਾਰਾ ਪਿੰਡ ਪਹੁੰਚ ਗਿਆ ਉਥੋਂ ਭੋਗ ਪਾ ਕੇ ਜਥੇ ਨੇ ਗੋਇੰਦਵਾਲ ਸਾਹਿਬ ਦੇ ਦਰਸ਼ਨ ਕੀਤੇ ਇਥੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਇਥੋਂ ਜਥਾ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ ਦੂਸਰੇ ਦਿਨ ਫਿਰ ਸਾਰੇ ਜਥੇ ਨੇ ਇਕ ਵਜੇ ਦੇ ਕਰੀਬ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਸ੍ਰੀ ਹਰਮੰਦਿਰ ਸਾਹਿਬ ਜਾਣ ਲਈ ਤਿਆਰ ਹੋ ਗਏ ਜਦੋਂ ਕਿਵਾੜ ਖੁਲੇ ਤਾਂ ਸਾਰੇ ਜਥੇ ਨੇ ਕੀਰਤਨ ਸਰਵਣ ਕੀਤਾ। ਕੀਰਤਨ ਸੁਣਨ ਤੋਂ ਬਾਦ ਜਥੇ ਦੇ ਕੁਝ ਸਿੰਘ ਬਾਹਰ ਨੂੰ ਚਲੇ ਗਏ ਤੇ ਮੈਂ ਤੇ ਭਾਈ ਸਾਹਿਬ ਜੀ ਅਕਾਲ ਤਖਤ ਦੇ ਸਾਹਮਣੇ ਨਿਸ਼ਾਨ ਸਾਹਿਬ ਦੇ ਕੋਲ ਸੱਜ ਗਏ। ਭਾਈ ਸਾਹਿਬ ਜੀ ਇਥੇ ਬੈਠੇ ਹੀ ਸਮਾਧੀ ਵਿਚ ਜੁੜ ਗਏ। ਮੈਂ ਭੀ ਕੋਲ ਬੈਠਾ ਰਿਹਾ ਥੋੜੀ ਦੇਰ ਬਾਦ ਇਕ ਪੁਲਸ ਦਾ ਸਿਪਾਹੀ ਜਿਸ ਨੇ ਬਰਦੀ ਪਾਈ ਹੋਈ ਸੀ ਸਾਡੇ ਪਾਸ ਆ ਕੇ ਮੇਰੀ ਬਾਂਹ ਫੜ ਲਈ ਤੇ ਕਹਿਣ ਲਗਾ "ਇਥੋਂ ਉਠ ਜਾਵੋ" ਦਾਸ ਨੇ ਭਾਈ ਸਾਹਿਬ ਜੀ ਨੂੰ ਹਲੂਣ ਕੇ ਕਿਹਾ ਤੁਸੀਂ ਤਾਂ ਸਮਾਧੀ ਵਿਚ ਜੁੜੇ ਬੈਠੇ ਹੋ ਤੇ ਇਹ ਸਿਪਾਹੀ ਕਹਿੰਦਾ ਹੈ ਕਿ ਇਥੋਂ ਉਠ ਜਾਵੋ। ਮੈਂ ਭਾਈ ਸਾਹਿਬ ਜੀ ਨੂੰ ਇਹ ਗਲ ਕਹੀ ਤਾਂ ਭਾਈ ਸਾਹਿਬ ਜੀ ਜੋਸ਼ ਵਿਚ ਉਠ ਕੇ ਖੜੇ ਗਏ, "ਸਾਨੂੰ ਇਥੋਂ ਇਹ ਕਿਵੇਂ ਉਠਾ ਸਕਦਾ ਹੈ।" ਉਹ ਸਿਪਾਹੀ ਕਹਿਣ ਲਗਾ ਕਿ ਮੇਰਾ ਇਸ ਵਿਚ ਕੋਈ ਕਸੂਰ ਨਹੀਂ। ਮੈਨੂੰ ਤਾਂ ਅਕਾਲ ਤਖਤ ਦੇ ਦਰੋਗੇ ਨੇ ਕਿਹਾ ਹੈ ਕਿ ਇਹ ਦੋ ਚੂੜੇ ਬੈਠੇ ਹਨ ਇਹਨਾਂ ਨੂੰ ਏਥੋਂ ਉਠਾ ਦੇਵੋ। ਜਿਸ ਦਿਨ ਸਾਡਾ ਇਹਨਾਂ ਪੁਜਾਰੀਆਂ ਨਾਲ ਮੋਰਚਾ ਲਗਾ ਸੀ ਉਸ ਦਿਨ ਐਤਵਾਰ ਸੀ ਖਾਲਸਾ ਕਾਲਜ ਦੇ ਵਿਦਿਆਰਥੀ ਦਰਸ਼ਨ ਕਰਨ ਵਾਸਤੇ ਦਰਬਾਰ ਸਾਹਿਬ ਜੀ ਆਏ ਹੋਏ ਸਨ। ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਇਹ ਵਿਦਿਆਰਥੀ ਜਾਣਦੇ ਸਨ ਕਿਉਂਕਿ ਭਾਈ ਸਾਹਿਬ ਜੀ ਕਿਸੇ ਸਮੇਂ ਖਾਲਸਾ ਕਾਲਜ ਦੇ ਸੁਪਰੰਟੈਂਡੈਂਟ ਰਹੇ ਸਨ। ਜਦੋਂ ਇਹਨਾਂ ਲੜਕਿਆਂ ਨੇ ਸੁਣਿਆਂ ਕਿ ਪੁਜਾਰੀ ਭਾਈ ਸਾਹਿਬ ਨੂੰ ਚੂਹੜੇ ਸਮਝ ਕੇ ਉਠਾ ਰਹੇ ਹਨ ਤਾਂ ਉਨ੍ਹਾਂ ਲੜਕਿਆਂ ਨੇ ਪੁਜਾਰੀਆਂ ਨੂੰ ਫੜ ਲਿਆ ਤੇ ਆਪ-ਣੀਆਂ ਸਟਿਕਾਂ ਨਾਲ ਉਥੇ ਹੀ ਖੜਕਾ ਦਿਤਾ ਫਿਰ ਹੋਰ ਪੁਜਾਰੀ ਆ ਗਏ ਲੜਾਈ ਵਧ ਗਈ। ਸਾਰੇ ਪੁਜਾਰੀ ਅਕਾਲ ਤਖਤ ਦਾ ਪਹਿਰਾ ਛਡ ਕੇ ਸਰਵਰਾਹ ਰੂੜ ਸਿੰਘ ਪਾਸ ਜਾ ਫਰਿਆਦ ਕੀਤੀ ਕੁਛ ਅਰਸੇ ਬਾਦ ਸਰਵਾਹ ਰੂੜ ਸਿੰਘ ਆ ਗਿਆ। ਭਾਈ ਸਾਹਿਬ ਜੀ ਨਾਲ ਤੇ ਹੋਰ ਸਿੰਘਾਂ ਨਾਲ ਵਿਚਾਰਾਂ ਹੋਈਆਂ ਆਖਰ ਪੁਜਾਰੀਆਂ ਨੂੰ ਭਾਈ ਸਾਹਿਬ ਤੋਂ ਮਾਫੀ ਮੰਗਣੀ ਪਈ ਤੇ ਭਾਈ



www.AKJ.Org

ਸਮੇਤ ਕੀਰਤਨ ਕਰੋ ਇਹ ਪਹਿਲਾ ਮੌਕਾ ਸੀ ਜਦੋਂ ਜਥੇ ਨੇ ਹਰਮੰਦਰ ਸਾਹਿਬ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਭਾਈ ਸਾਹਿਬ ਜੀ ਨੇ ਜਥੇ ਦੇ ਸਿੰਘਾਂ ਨੂੰ ਹਦਾਇਤ ਕੀਤੀ ਕਿ ਸਾਰੇ ਸਿੰਘ ਸ੍ਰੀ ਗੁਰੂ ਰਾਮਦਾਸ ਜੀ ਦਾ ਧਿਆਨ ਧਰਕੇ ਬੈਠ ਜਾਣ, ਇਨ੍ਹਾਂ ਪੁਜਾਰੀਆਂ ਦਿਆਂ ਕੰਮਾਂ ਵਲ ਨਾ ਦੇਖਣਾ। ਦੂਜੇ ਜਦੋਂ ਜਥੇ ਨੇ ਕੀਰਤਨ ਕਰਨਾਂ ਹੈ ਤਾਂ ਲਛਮੀ ਬਹੁਤ ਬਰਸੇਗੀ, ਤੁਸੀਂ ਕਿਸੇ ਗਲ ਵਲ ਧਿਆਨ ਹੀ ਨਾ ਕਰਨਾਂ। ਐਸਾ ਹੀ ਹੋਇਆ, ਲਛਮੀਂ ਬਹੁਤ ਹੀ ਬਰਸੀ, ਜਦੋਂ ਜਥਾ ਕੀਰਤਨ ਕਰ ਚੁਕਾ ਤਾਂ ਸਾਰੇ ਸਿੰਘ ਪਲਾ ਝਾੜ ਕੇ ਉਠ ਖੜੇ ਉਹਨਾਂ ਪੁਜਾਰੀਆਂ ਨੇ ਵੇਖਿਆ ਕਿ ਇਹਨਾਂ ਨੇ ਤਾਂ ਇਥੋਂ ਇਕ ਪੈਸਾ ਭੀ ਅੰਗੀਕਾਰ ਨਹੀਂ ਕੀਤਾ ਅਸੀਂ ਤਾਂ ਇਹਨਾਂ ਉਤੇ ਐਵੇਂ ਹੀ ਦੂਸ਼ਣ ਲਾ ਦਿਤਾ ਸੀ ਕਿ ਇਹ ਚੂੜੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਜਥੇ ਨੇ ਛਿਹਰਟੇ ਸਾਹਿਬ ਨੂੰ ਪੈਦਲ ਚਾਲੇ ਪਾ ਦਿਤੇ ਇਕ ਰਾਤ ਛਿਹਰਟੇ ਸਾਹਿਬ ਰਹੇ, ਦੂਜੇ ਦਿਨ ਸਤਲਾਣੀ ਠਹਿਰੇ ਫਿਰ ਇਥੋਂ ਤੁਰਕੇ ਅਟਾਰੀ ਪਹੁੰਚ ਗਏ। ਇਕ ਰਾਤ ਅਟਾਰੀ ਰਹੇ ਇਥੇ ਸਾਰੇ ਸਿੰਘ ਕੜਾਕੇ ਹੀ ਰਹੇ ਸਵੇਰ ਸਾਰ ਹੀ ਭਾਈ ਸਾਹਿਬ ਜੀ ਨੇ ਮੈਨੂੰ ਕਿਹਾ ਤੂੰ ਹੁਣੇ ਹੀ ਦੋ ਸਿੰਘ ਲੈ ਕੇ ਲਹੌਰ ਨੂੰ ਤੁਰ ਜਾਹ, ਸਾਡੇ ਪਹੁੰਚਦਿਆਂ ਨੂੰ ਪਰਸ਼ਾਦਾ ਤਿਆਰ ਕਰ ਛਡਣਾਂ। ਮੈਂ ਦੋ ਸਿੰਘ ਲੈ ਕੇ ਇਹਨਾਂ ਤੋਂ ਪਹਿਲਾਂ ਹੀ ਤੁਰ ਕੇ ਬੁਧੂ ਦੇ ਆਵੇ ਜਾਕੇ ਪਰਸ਼ਾਦੇ ਤੇ ਦਾਲਾ ਤਿਆਰ ਕਰਨ ਲਗ ਪਏ ਸਾਰੇ ਸਿੰਘ ਪਰਸ਼ਾਦੇ ਛਕ ਕੇ ਲਹੌਰ ਡੇਰਾ ਸਾਹਿਬ ਪਹੁੰਚ ਗਏ। ਸਵੇਰੇ ਡੇਰੇ ਸਾਹਿਬ ਜਥੇ ਨੇ ਕੀਰਤਨ ਕਰਨਾਂ ਸੀ ਕੀਰਤਨ ਸੁਣਨ ਵਾਸਤੇ ਬਹੁਤ ਸੰਗਤਾਂ ਪਹੁੰਚ ਗਈਆਂ। ਦਸ ਘੰਟੇ ਕੀਰਤਨ ਹੋਇਆ ਬਿਅੰਤ ਲਛਮੀ ਬਰਸੀ। ਜੱਥੇ ਨੇ ਲਛਮੀ ਉਥੇ ਹੀ ਪਈ ਰਹਿਣ ਦਿਤੀ ਦੂਜੇ ਦਿਨ ਸੰਗਤਾਂ ਨੇ ਸਾਨੂੰ ਟਿਕਟ ਨਨਕਾਣੇ ਸਾਹਿਬ ਦੇ ਲੈ ਦਿਤੇ। ਪਿਛਲਾ ਸਫਰ ਅਸੀਂ ਤੁਰਕੇ ਹੀ ਕੀਤਾ ਸੀ। ਨਨਕਾਣੇ ਸਾਹਿਬ ਪਹੁੰਚਕੇ ਅਸੀਂ ਡੇਰਾ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਕੀਤਾ। ਤੜਕੇ ਦੋ ਵਜੇ ਦੇ ਕਰੀਬ ਉਠ ਕੇ ਜਥੇ ਨੇ ਇਸ਼ਨਾਨ ਕੀਤਾ ਫਿਰ ਕੀਰਤਨ ਸੁਣਨ ਵਾਸਤੇ ਜਥਾ ਇਕ ਦੀਵਾਨ ਵਿਚ ਪਹੁੰਚ ਗਿਆ। ਉਥੇ ਦੀਵਾਨ ਵਿਚ ਕੀਰਤਨ ਰਾਗੀ ਹੀਰਾ ਸਿੰਘ ਤੇ ਭਾਗ ਸਿੰਘ ਜੀ ਕਰ ਰਹੇ ਸਨ। ਦੀਵਾਨ ਵਿਚ ਬਿਅੰਤ ਸੰਗਤਾਂ ਬੈਠੀਆਂ ਸਨ। ਅਸੀਂ ਮਥਾ ਟੇਕ ਕੇ ਇਧਰ ਉਧਰ ਤਕਣ ਲਗੇ ਤਾਂ ਬੈਠਣ ਨੂੰ ਕੋਈ ਥਾਂ ਨਹੀਂ ਸੀ ਇੰਨੇ ਨੂੰ ਹੀਰਾ ਸਿੰਘ ਰਾਗੀ ਨੇ ਕਿਹਾ ਇਹ ਮਰ ਜੀਵੜੇ ਆ ਗਏ ਹਨ। ਇਨ੍ਹਾਂ ਸਿੰਘਾਂ ਨੂੰ ਮੇਰੇ ਸਾਹਮਣੇ ਜਗ੍ਹਾ ਖਾਲੀ ਕਰ ਦੇਵੋ। ਸਾਨੂੰ ਰਾਗੀ ਸਿੰਘਾਂ ਦੇ ਕਹਿਣ ਤੇ ਜਗਾ ਮਿਲ ਗਈ। ਉਸ ਦਿਨ ਹੀਰਾ ਸਿੰਘ ਜੀ ਨੇ ਨਿਰੋਲ ਕੀਰਤਨ ਹੀ ਕੀਤਾ ਵਿਆਖਿਆ ਨਹੀਂ ਕੀਤੀ ਤੇ ਕੀਰਤਨ ਵੀ ਤਖੀਣਆਂ ਦਾ ਹੀ ਕੀਤਾ (ਜੇ ਤੂੰ ਮਿਤਰ ਅਸਾਡੜਾ ਹਿਕ ਭੋਰੀ ਨਾ ਵਿਛੋੜ) ਭਾਈ ਹੀਰਾ ਸਿੰਘ ਜੀ ਨਾਲੇ ਕੀਰਤਨ ਕਰੀ ਜਾਣ ਨਾਲੇ ਵੈਰਾਗ ਵਿਚ ਆ ਕੇ ਰੁਦਨ ਕਰੀ ਜਾਣ ਇਧਰ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਭੀ ਬਹੁਤ ਵੈਰਾਗੀ ਹਾਲਤ ਹੋ ਗਈ ਸੀ। ਜਥਾ ਨਨਕਾਣੇ ਸਾਹਿਬ ਤਿੰਨ ਦਿਨ ਦੇ ਕਰੀਬ ਰਿਹਾ ਫਿਰ ਮੁੜ ਕੇ ਲੁਧਿਆਣੇ ਆ ਪਹੁੰਚੇ।

—:—



www.AKJ.Org

# ਗੁਰ ਸਿਖ ਕੌਣ ਹੈ ?

(ਭਾਈ ਮਨਮੋਹਨ ਸਿੰਘ ਜੀ M. Sc. ਜੈ ਪੁਰ)

ਲੜੀ ਜੋੜਨ ਲਈ ਦੇਖੋ ਜੁਲਾਈ ਦਾ ਪਰਚਾ

(੨)

## ਸਤਿ ਗੁਰੂ ਨਾਨਕ ਜੀ ਤੋਂ ਪਹਿਲੇ ਸੰਸਾਰ ਦੀ ਦਸ਼ਾ

ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ਮਾਨ ਹੋਣ ਤੋਂ ਪਹਿਲੇ ਸੰਸਾਰ ਦੀ ਦਸ਼ਾ ਇਹ ਸੀ ਕਿ :

"ਥੰਮੇ ਕੋਇ ਨਾ ਸਾਧ ਬਿਨ,
ਸਾਧ ਨ ਦਿਸੈ ਜਗ ਵਿਚ ਕੋਆ ।"
(ਭਾਈ ਗੁਰਦਾਸ ਜੀ)

ਸਤਿ ਗੁਰੂ ਨਾਨਕ ਜੀ ਤੋਂ ਪਹਿਲੇ ਜਗ ਵਿਚ ਸਚਾ ਗੁਰੂ ਕੋਈ ਹੋਇਆ ਹੀ ਨਹੀਂ । ਦੇਵੀ ਦੇਵਤੇ ਹੋਏ । ਰਾਮ, ਰਹੀਮ, ਕ੍ਰਿਸ਼ਨ, ਬੁਧ ਇਤਿ ਆਦਿ ਅਵਤਾਰ ਜਾਂ ਮਹਾਂ ਪੁਰਸ਼ ਹੋਏ ਪਰ ਉਹ ਪਰਮ ਪਦ ਦੀ ਪਰਾਪਤੀ ਖੁਦ ਨਾ ਕਰ ਸਕਣ ਕਾਰਨ ਸਭ ਕਾਲ ਵਸ ਹੋ ਗਏ । ਦਸਮ ਪਾਤਸ਼ਾਹ ਜੀ ਦਾ ਪਵਿਤਰ ਮੁਖ ਵਾਕ ਹੈ :

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥
ਜਿਤੇ ਕਿਸਨ ਹ੍ਵੈ ਹੈ । ਸਭੈ ਅੰਤ ਜੈ ਹੈ ॥
ਜਿਤੇ ਦੇਵ ਹੋਸੀ । ਸਭੈ ਅੰਤ ਜਾਸੀ ॥
ਜਿਤੇ ਬੋਧ ਹ੍ਵੈ ਹੈ । ਸਭੈ ਅੰਤ ਛੈ ਹੈ ॥

ਤਥਾ :–

ਕ੍ਰਿਸ਼ਨ ਅਉ ਬਿਸਨ ਜਪੇ ਤੁਹਿ ਕੋਟਿਕ,
ਰਾਮ ਰਹੀਮ ਭਲੀ ਬਿਧ ਧਿਆਯੋ ॥
ਬ੍ਰਹਮ ਜਪਿਓ ਅਰ ਸੰਭ ਥਪਿਓ,
ਤਿਹਤੇ ਤੁਹਿ ਕੋ ਕਿਨ ਹੂੰ ਨ ਬਚਾਯੋ ॥
ਕੋਟ ਕਰੀ ਤਪਸਾ ਦਿਨ ਕੋਟਿਕ,
ਕਾਹੂ ਨ ਕੌਡੀ ਕੋ ਕਾਮ ਕਢਾਯੋ ॥
ਕਾਮਕਾ ਮੰਤ੍ਰ ਕਸੀਰੇ ਕੇ ਕਾਮ ਨ,
ਕਾਲ ਕੋ ਘਾਉ ਕਿਨ ਹੂੰ ਨ ਬਚਾਯੋ ॥

ਕਿੰਨਾ ਸਾਫ ਦਰਸਾਇਆ ਹੈ ਕਿ ਗੁਰੂ ਨਾਨਕ ਜੀ ਸਚੇ ਗੁਰੂ ਤੋਂ ਪਹਿਲਾਂ ਰਾਮ, ਰਹੀਮ, ਬ੍ਰਹਮਾ ਇਤਿ ਆਦਿਕ ਕੋਈ ਭੀ ਮਨੁਸ਼ ਦੇ ਕੰਮ ਨਾ ਆ ਸਕੇ । ਕੋਟ ਬਰਸਾਂ ਦੀ ਤਪ-ਸਿਆ ਤੇ ਮੰਤ੍ਰ ਤੰਤ੍ਰਾਂ ਦਾ ਜਾਪ ਕੌਡੀ ਦੇ ਕੰਮ ਨਾ ਆਇਆ ਬਚਿਤ੍ਰ ਨਾਟਕ ਵਿਚ ਆਪਣੇ ਤੇ ਅਕਾਲ ਪੁਰਖ ਵਿਚਾਰ ਹੋਈ ਵਾਰਤਾਲਾਤ ਵਰਨਨ ਕਰਦਿਆਂ ਦਸਮੇਸ਼ ਜੀ ਇਸ ਗਲ ਨੂੰ ਹੋਰ ਵੀ ਪ੍ਰਗਟ ਤੌਰ ਤੇ ਸਪਸ਼ਟ ਕਰ ਦੇਂਦੇ ਹਨ :-

ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ ॥
ਚੌਪਈ ॥
ਜਬ ਪਹਿਲੇ ਹਮ ਸ੍ਰਿਸ਼ਟ ਬਨਾਈ ।
ਦਈਤ ਰਚੇ ਦੁਸ਼ਟ ਦੁਖਦਾਈ ॥
ਤੇ ਭੁਜਬਲ ਬਵਰੇ ਹ੍ਵੈ ਗਏ ॥
ਪੂਜਤ ਪਰਮ ਪੁਰਖ ਰਹਿ ਗਏ ॥
ਤੇ ਰਮ ਤਮਕਿ ਤਨਕ ਮੋ ਖਾਪੇ ॥
ਤਿਨ ਕੀ ਠਉਰ ਦੇਵਤਾ ਥਾਪੇ ॥
ਤੇ ਭੀ ਬਲ ਪੂਜਾ ਉਰਝਾਏ ।
ਆਪਨ ਹੀ ਪਰਮੇਸਰ ਕਹਾਏ ॥
ਮਹਾਦੇਵ ਅਚੁਤ ਕਹਵਾਯੋ ॥
ਬਿਸ਼ਨ ਆਪ ਹੀ ਕੋ ਠਹਰਾਯੋ ॥
ਬ੍ਰਹਮ ਆਪ ਪਾਰ ਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ ॥

ਉਪਰ ਲਿਖੇ ਸ੍ਰੀ ਮੁਖਵਾਕ ਪਾ: ੧੦ ਕਿਸੇ ਵਿਆਖਿਆ ਦੇ ਮੁਹਤਾਜ ਨਹੀਂ ।

## ਸਚਾ ਗੁਰੂ ਅਕਾਲ ਪੁਰਖ ਗੁਰੂ ਨਾਨਾਕ ਜੀ ।

ਇਸ ਦੇ ਉਲਟ ਸਚਾ ਸਤਿ ਗੁਰੂ ਤਾਂ ਅਮਰ



www.AKJ.Org

ਹੈ। ਉਹ ਆਪ ਕਾਲ ਰਹਿਤ ਹੈ ਤੇ ਸ੍ਰਿਸ਼ਟੀ ਨੂੰ ਵੀ ਇਸੇ ਪਦਵੀ ਤੇ ਪਹੁੰਚਾਉਣ ਦੇ ਸਮਰਥ ਹੈ :

ਤਥਾ–

ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ ॥
ਉਹ ਅਬਿਨਾਸੀ ਪੁਰਖ ਹੈ, ਸਭ ਮਹਿ ਰਹਿਆ ਸਮਾਇ ॥

ਤਥਾ–

ਸਭ ਤੇ ਵਡ ਸਮਰਥ ਗੁਰਦੇਵ ॥
ਸਭ ਸੁਖ ਪਾਈ ਤਿਸ ਕੀ ਸੇਵ ॥

ਤਥਾ–

ਦੂਜਾ ਨਾਹੀਂ ਜਾਨੈ ਕੋਇ ॥
ਸਤਿ ਗੁਰ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪ ਨ ਜਾਨੁ ॥
ਮਿਲੀ ਨਿਮਾਨੇ ਮਾਣ ॥

ਸਚਾ ਸਤਿਗੁਰੂ ਸਦਾ ਸਥਿਰ ਹੈ। ਉਹ ਜੰਮਣ ਮਰਨ ਤੋਂ ਰਹਿਤ ਹੈ। ਸੋ ਇਸ ਗੁਰਮਤਿ ਕਸਵਟੀ ਅਨੁਸਾਰ ਸਚਾ ਸਤਿਗੁਰੂ ਮਨੁਖ ਦੇਹ ਵਾਲਾ ਰੂਪ ਨਹੀਂ। ਉਹ ਤਾਂ ਨਰਿੰਜਨ ਹੈ। ਨਿਰੰਕਾਰ ਹੈ। ਉਹ ਨਿਰੰਜਨ ਤੇ ਨਿਰੰਕਾਰ ਤਾਂ ਕੇਵਲ ਕਰਤਾ ਪੁਰਖ, ਪਾਰ ਬ੍ਰਹਮ ਪਰਮੇਸਰ ਹੀ ਹੋ ਸਕਦਾ ਹੈ। ਉਹ ਇਕ ਹਸਤੀ ਹੈ ਜੋ "ਅਕਾਲ ਮੂਰਤ" ਹੈ, "ਅਜੂਨੀ ਹੈ ਤੇ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ ਭਾਵ "ਸ੍ਵੈ ਭੰ" ਹੈ।

ਉਸ ਅਕਾਲ ਪੁਰਖ ਦੀ ਜੋਤਿ, ਸਚੇ ਗੁਰੂ ਦੀ ਜੋਤਿ ਗੁਰੂ ਨਾਨਕ ਨਿਰੰਕਾਰੀ ਦੇ ਪਾਵਨ ਪਵਿਤ੍ਰ ਸਰੀਰ ਰਾਹੀਂ ਸ੍ਰਿਸ਼ਟੀ ਦੇ ਉਧਾਰ ਹਿਤ ਪ੍ਰਗਟੀ। ਇਸੇ ਲਈ ਮੂਲ ਮੰਤ੍ਰ ਵਿਚ ਅੰਤ ਤੇ "ਗੁਰ ਪਰਸਾਦਿ" ਲਿਖ ਕੇ ਸਪਸ਼ਟਾ ਦਿਤਾ ਗਿਆ ਹੈ ਕਿ ਉਸ ਅਕਾਲ ਪੁਰਖ ਦੀ ਪਰਾਪਤੀ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ।

ਸੋ ਗੁਰੂ ਨਾਨਕ ਜੀ ਵਿਚ ਅਕਾਲ ਪੁਰਖ ਦੀ ਨਿਰੰਜਨੀ ਜੋਤਿ ਰੂਪੀ ਗਿਆਨ ਹੀ ਸੀ ਜਿਸ ਨਾਲ ਵਾਹਿਗੁਰੂ ਤੇ ਗੁਰੂ ਨਾਨਕ ਜੀ ਵਿਚ ਭੇਦ ਨਾ ਰਿਹਾ।

"ਜੋਤਿ ਰੂਪ ਹਰਿ ਆਪਿ
ਗੁਰੂ ਨਾਨਕ ਕਹਾਇਉ ॥"

ਤਥਾ–

"ਗੁਰ ਨਾਨਕੁ ਨਾਨਕੁ ਹਰਿ ਸੋਇ ॥"

ਤਥਾ–

"ਪਾਰ ਬ੍ਰਹਮ ਨਾਨਕ ਗੁਰਦੇਵ ॥
ਵਡੇ ਭਾਗ ਪਾਈਐ ਹਰਿ ਸੇਵ ॥"

ਤਥਾ–

ਰਵਿ ਦਾਸ ਧਿਆਇ ਪ੍ਰਭ ਅਨੂਪ ॥
ਗੁਰ ਨਾਨਕ ਦੇਵ ਗੋਬਿੰਦ ਰੂਪ ॥

ਭਾਈ ਨੰਦ ਲਾਲ ਸਿੰਘ ਜੀ ਵੀ ਇਸ ਸਚਾਈ ਨੂੰ ਇਸ ਤਰ੍ਹਾਂ ਪਰਗਟਾਉਂਦੇ ਹਨ।

ਗੁਰੂ ਨਾਨਕ ਆਮਦ ਨਰਾਇਣ ਸਰੂਪ।
ਹਮਾ ਨ ਨਿਰੰਜਨ ਨਿਰੰਕਾਰ ਰੂਪ ॥

ਸੋ ਸਪਸ਼ਟ ਹੋ ਗਿਆ ਕਿ ਸੱਚਾ ਗੁਰੂ ਤੇ ਆਪ ਵਾਹਿਗੁਰੂ, ਪਾਰ ਬ੍ਰਹਮ, ਕਰਨ ਕਰਨ, ਕਾਰਨ ਸਮਰਥ ਹੈ ਤੇ ਉਸਦਾ ਕੋਈ ਚਕ੍ਰ, ਚਿਹਨ, ਜਾਤ, ਪਾਤ, ਰੂਪ, ਰੰਗ, ਰੇਖ, ਭੇਖ, ਆਦਿ ਨਹੀਂ। ਉਹ ਅਚੱਲ ਹੈ। ਸੈਭੰ ਹੈ ॥ ਪਰ ਉਸਦੀ ਜੋਤਿ ਗੁਰੂ ਨਾਨਕ ਰਾਹੀਂ ਇਸ ਸ੍ਰਿਸ਼ਟੀ ਦੇ ਉਧਾਰ ਲਈ ਪਰਗਟੀ। ਗੁਰੂ ਨਾਨਕ ਜੀ ਤੇ ਬਖਸ਼ਸ਼ ਹੋਈ ਉਨਾਂ ਘਾਲ ਕਮਾਈ ਕੀਤੀ ਤੇ ਇਸਦੇ ਸਿੱਟੇ ਵਜੋਂ ਵਾਹਿਗੁਰੂ ਨਾਲ 'ਬਣ ਆਈ' ਭਾਵ ਉਹ ਤੇ ਵਾਹਿਗੁਰੂ ਇਕ ਮਿਕ ਹੋ ਗਏ ਜਿਵੇਂ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ "ਦ੍ਵੈ ਤੇ ਏਕ ਰੂਪ ਹੋਇ ਗਇਉ" ਸਨ ॥

ਸੋ ਏਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਵਾਹਿਗੁਰੂ ਜੋਤ ਹੋਣ ਕਰਕੇ, ਉਹ ਵੀ ਵਾਹਿਗੁਰੂ ਵਾਂਗੂ ਹੀ ਸੱਚੇ ਗੁਰੂ ਹੋ ਗਏ। ਇਸੇ ਕਰਕੇ ਉਹ ਅਕਾਲ ਪੁਰਖ ਪਾਰ ਬ੍ਰਹਮ ਵਾਲੇ ਸਾਰੇ ਗੁਣਾਂ ਦੇ ਮਾਲਕ ਹੋ ਗਏ। ਸਾਰੀ ਭਗਤੀ ਦਾ ਭੰਡਾਰ ਵਾਹਿਗੁਰੂ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਬਖਸ਼ ਦਿਤਾ–


www.AKJ.Org

ਭਗਤ ਭੰਡਾਰ ਗੁਰ ਨਾਨਕ ਕਉ ਦੀਆ,
ਫਿਰਿ ਲੇਖਾ ਮੂਲ ਨਾ ਲਹਿਆ ॥
ਅਤੇ ਇਸ ਤਰਾਂ ਗੁਰੂ ਨਾਨਕ ਜੀ ਨੂੰ ਸਚਾ ਗੁਰੂ ਬਣਾਕੇ ਜਗਤ ਜਲੰਦੇ ਨੂੰ "ਜੀਅਦਾਨ" ਦੇਕੇ "ਭਗਤੀ ਲਾਇਨ" ਤੇ ਹਰਿ ਸਿਉ ਮਿਲਾਉਣ ਲਈ ਜਗਤ ਤੇ ਘਲਿਆ। ਇਸ ਸਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬੜਾ ਸੁੰਦਰ ਲਿਖਿਆ ਹੈ—

"ਮਤੁ ਜਾਣਹੁ ਸਤਿਗੁਰ ਨਾਨਕ ਦੇਵ ਗੈਰ ਹਾਜਰ ਹੈ। ਉਹ ਸਦਾ ਸਦਾ ਹਾਜਰ ਨਾਜ਼ਰ ਹੈ। ਸਾਰਿਆਂ ਅੰਦਰ ਸਭਨਾ ਦੇ ਘਟਾ ਅੰਦਰ ਸਮਾਇ ਰਿਹਾ ਹੈ। ਉਹ ਕਦੇ ਵੀ ਨਸਾਵੰਤ ਨਹੀਂ ਹੈ। ਨਾ ਦਿਬ ਜੋਤਿ ਕ੍ਰਾਂਤ ਕਰਕੇ ਨਾ ਹੀ ਜੋਤਿ ਤੱਤ ਮਤਾਂਤ ਕਰਕੇ, ਕਦੇ ਵੀ ਨਾਸ਼ਵੰਤ ਨਹੀਂ ਹੋਇਆ ਸਦਾ ਅਬਿਨਾਸ਼ੀ ਹੈ........ਗੁਰੂ ਨਾਨਕ ਹੀ ਗੁਰੂ ਪੂਰਾ ਹੈ। ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਹੋਰ ਕੋਈ ਭੀ ਮੱਤ ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ, ਨਾ ਕਦੇ ਹੋਵੇਗਾ।"

ਸੋ ਗੁਰਮਤਿ ਸਾਨੂੰ ਇਹ ਦ੍ਰਿੜਾਂਦੀ ਹੈ ਤੇ ਇਹੋ ਗੁਰਸਿਖੀ ਦਾ ਮੂਲ ਹੈ ਕਿ ਕਲਿਜੁਗ ਵਿਚ ਸੱਚਾ ਗੁਰੂ ਕੇਵਲ ਗੁਰੂ ਨਾਨਕ ਹੀ ਹੈ। ਕੇਵਲ ਗੁਰੂ ਨਾਨਕ ਹੀ 'ਕਲਿ ਤਾਰਨ' ਆਇਆ ਹੈ। 'ਸਤਿਗੁਰੂ (ਭਾਵ ਗੁਰੂ ਨਾਨਕ) ਬਾਝੋਂ ਗੁਰ ਨਹੀਂ ਕੋਈ' ਅਤੇ 'ਨਿਗੁਰੇ ਕਾ ਹੈ ਨਾਉਬੁਰਾ'। ਇਸ ਲਈ ਕਲਿਜੁਗ ਵਿਚ ਗੁਰੂ ਨਾਨਕ ਜੀ ਹੀ ਸੱਚੇ ਗੁਰੂ ਹਨ ਅਤੇ ਉਨ੍ਹਾਂ ਨੂੰ ਗੁਰੂ ਮੰਨਣ ਵਾਲਾ, ਉਨ੍ਹਾਂ ਦੀ ਦ੍ਰਿੜਾਈ ਸਿਖਿਆ ਨੂੰ ਅਪਨਾਣ ਵਾਲਾ ਹੀ ਉਹਨਾਂ ਦਾ ਸਿਖ ਜਾਂ 'ਗੁਰਸਿਖ' ਹੋ ਸਕਦਾ ਹੈ। ਇਹ ਹੈ ਗੁਰ ਸਿਖੀ ਦਾ ਪਹਿਲਾ ਮੁਢ।

## ਦਸੇ ਗੁਰੁ ਇਕ ਜੋਤ

ਗੁਰ ਸਿਖੀ ਦਾ ਦੂਜਾ ਮੁਢ ਇਸ ਗਲ ਵਿਚ ਵਿਸ਼ਵਾਸ ਹੈ ਕਿ ਸ੍ਰੀ ਗੁਰੁ ਨਾਨਕ ਦੇਵ ਜੀ ਦੀ ਪਰਮ ਪਿਤਾ ਅਕਾਲ ਪੁਰਖ ਵਲੋਂ ਹੁਕਮਾਏ ਮਿਸ਼ਨ ਦੀ ਪੂਰਤੀ ਲਈ ਅਕਾਲ ਪੁਰਖ ਪਾਸੋਂ ਲਈ ਗੁਰ ਜੋਤੀ, ਦਸਾਂ ਮਨੁਖੀ ਜਾਮਿਆਂ ਵਿਚ ਪ੍ਰਵਿਰਤ ਹੋਈ। ਹਰ ਜਾਮੇ ਵਿਚ ਉਹੋ ਗੁਰੂ ਨਾਨਕ ਜੋਤੀ ਜਗਮਗਾ ਰਹੀ ਸੀ ਸਿਰਫ ਚੋਲਾ ਤੇ ਦੁਨਿਆਵੀ ਨਾਮ ਹੀ ਵਖਰੇ ਵਖਰੇ ਸਨ। ਇਸ ਸੰਬੰਧ ਵਿਚ ਕੁਛ ਕੁ ਗੁਰ ਪਰਮਾਣ ਇਹ ਹਨ—

ਗੁਰ ਅੰਗਦ ਦੀ ਦੋਹੀ ਫਿਰੀ,
ਸਚ ਕਰਤੇ ਬੰਧ ਬਹਾਲੀ ॥
ਨਾਨਕ ਕਾਇਆ ਪਲਟ ਕਰ,
ਮਲ ਤਖਤ ਬੈਠਾ ਸੈਡਾਲੀ ॥

* ਜੋਤਿ ਰੂਪਿ ਹਰਿ ਆਪ
ਗੁਰੂ ਨਾਨਕ ਕਹਾਯਉ ॥
ਤਾਂ ਤੇ ਅੰਗਦੁ ਭਯਉ,
ਤਤ ਸਿਉ ਤਤ ਮਿਲਾਯਉ ॥
ਅੰਗਦਿ ਕਿਰਪਾ ਧਾਰਿ,
ਅਮਰੁ ਸਤਿਗੁਰੁ ਥਿਰ ਕੀਅਉ ॥
ਅਮਰ ਦਾਸ ਅਮਰਤ ਛਤ੍ਰ,
ਗੁਰ ਰਾਮਹਿ ਦੀਅਉ ॥
ਗੁਰ ਰਾਮ ਦਾਸ ਦਰਸਨੁ,
ਪਰਸਿ ਕਹਿ ਮਥਰਾ ਅੰਮ੍ਰਿਤ ਬਯਨੁ ॥
ਮੂਰਤਿ ਪੰਚ ਪ੍ਰਮਾਣ ਪੁਰਖੁ,
ਗੁਰੁ ਅਰਜੁਨੁ ਪਿਖਹੁ ਨਯਣ ॥

* ਰਾਮ ਦਾਸ ਗੁਰੁ ਜਗ ਤਾਰਨ ਕਉ,
ਗੁਰ ਜੋਤਿ ਅਰਜਨ ਮਾਹਿ ਧਰੀ ॥

* ਅਜੈ ਚਵਰ ਸਿਰ ਢੁਲੈ,
ਨਾਮੁ ਅੰਮ੍ਰਿਤ ਮੁਖ ਲੀਅਉ ॥
ਗੁਰ ਅੰਗਦ ਸਿਰਿ ਛਤ੍ਰ,
ਆਪਿ ਪਰਮੇਸਰਿ ਦੀਅਉ ॥
ਮਿਲਿ ਨਾਨਕ ਅੰਗਦ ਅਮਰ ਗੁਰ ਗੁਰ ਰਾਮ ਦਾਸ ਹਰਿ ਪਹਿ ਗਯਉ ॥
ਹਰਿ ਹਰਿਬੰਸ ਜਗਤਿ ਜਸੁ ਸੰਚਰਉ ਸੁ ਕਵਣ ਕਹੈ ਸ੍ਰੀ ਗੁਰੁ ਮੁਯਉ ॥

ਗੁਰਮਤਿ ਬ੍ਰਹਮ ਗਿਆਨੀ ਭਾਈ ਸਾਹਿਬ ਭਾਈ ਗੁਰਦਾਸ ਜੀ ਜਿਨਾਂ ਦੀ ਬਾਣੀ ਨੂੰ ਗੁਰਬਾਣੀ


www.AKJ.Org

ਦੀ ਕੁੰਜੀ ਹੋਣ ਦਾ ਮਾਣ ਪਰਾਪਤ ਹੈ ਅਤੇ ਗੁਰਮਤਿ ਸੰਬੰਧੀ ਅਥਾਰਟੀ ਮੰਨਿਆ ਜਾਂਦਾ ਹੈ, ਉਹ ਇਸ ਸੰਬੰਧ ਵਿਚ ਇਸ ਤਰ੍ਹਾਂ ਫੁਰਮਾਂਦੇ ਹਨ :–

* ਮਾਰਿਆ ਸਿਕਾ ਜਗਤ ਵਿਚ,
ਨਾਨਕ ਨਿਰਮਲ ਪੰਥੁ ਚਲਾਯਾ ॥
ਥਾਪਿਆ ਲਹਿਣਾ ਜੀਵਦੇ,
ਗੁਰਿਆਈ ਸਿਰ ਛਤ੍ਰ ਫਿਰਾਯਾ ॥
ਜੋਤੀ ਜੋਤਿ ਮਿਲਾਇਕੈ,
ਸਤਿਗੁਰੁ ਨਾਨਕ ਰੂਪ ਵਟਾਯਾ ॥
ਲੱਖ ਨਾ ਕੋਈ ਸਕਈ,
ਆਚਰਜੇ ਆਚਰਜ ਦਿਖਾਯਾ ॥
ਕਾਯਾਂ ਪਲਟ ਸਰੂਪ ਬਣਾਯਾ ॥

* ਸਤਿ ਗੁਰ ਨਾਨਕ ਦੇਉ,
ਗੁਰਾਂ ਗੁਰੁ ਹੋਇਆ ॥
ਅੰਗਦ ਅਲਖ ਅਭੇਉ,
ਸਹਿਜ ਸਮੋਇਆ ॥
ਅਮਰਹੁ ਅਮਰ ਸਮੇਉ,
ਅਲਖ ਅਲੋਇਆ ॥
ਰਾਮ ਨਾਮ ਅਰਥੇਉ,
ਅੰਮ੍ਰਿਤ ਚੋਇਆ ॥
ਗੁਰੁ ਅਰਜਨੁ ਕਰ ਸੇਉ,
ਢੋਏ ਢੋਇਆ ॥
ਹਰਿ ਗੋਬਿੰਦੁ ਅਮੇਉ,
ਅਮਿਉ ਵਿਲੋਇਆ ॥
ਸੱਚਾ ਸੱਚ ਸੁਚੇਉ,
ਸਚ ਖਲੋਇਆ ॥
ਆਤਮ ਅਗਰ ਅਗੇਉ,
ਸ਼ਬਦ ਪਰੋਇਆ ॥
ਗੁਰਮੁਖ ਅਭਰ ਭਰੇਉ,
ਭਰਮ ਭਉ ਖੋਇਆ ॥

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਪਾਵਨ ਗੁਰਬਾਣੀ ਪੰਚਮ ਗੁਰਦੇਵ ਜੀ ਨੇ ਸੰਪਾਦਨ ਕੀਤੀ ਤੇ ਭਾਈ ਗੁਰਦਾਸ ਜੀ ਵੀ ਪੰਜਮ ਤੇ ਛੇਵੇਂ ਗੁਰਦੇਵ ਜੀ ਦੇ ਸਮਕਾਲੀ ਹੋਏ ਹਨ। ਇਸ ਲਈ ਇਹਨਾਂ ਪਾਵਨ ਰਚਨਾਵਾਂ ਵਿਚ ਉਦੋਂ ਤਕ ਹੋ ਚੁਕੀਆਂ ਗੁਰ ਵਯਕਤੀਆਂ ਦੇ ਇਕ ਰੂਪ ਹੋਣ ਸੰਬੰਧੀ ਹੀ ਜ਼ਿਕਰ ਹੈ। ਪਰ ਪਹਿਲੀਆਂ ਛੇ ਪਾਤਸ਼ਾਹੀਆਂ ਵਿਚ ਇਕੋ ਗੁਰਨਾਨਕ ਜੋਤਿ ਦੇ ਹੋਣ ਦਾ ਜ਼ਿਕਰ ਅਗੇ ਹੋਣ ਵਾਲੀਆਂ ਗੁਰੂ ਵਯਕਤੀਆਂ ਸੰਬੰਧੀ ਵੀ ਏਸੇ ਨਾਨਕ ਰੂਪ ਹੋਣ ਦਾ ਸਪਸ਼ਟ ਸੰਕੇਤ ਹੈ। ਜੇ ਅਜੇ ਵੀ ਕੋਈ ਸ਼ੰਕਾ ਰਹਿ ਜਾਂਦਾ ਹੈ ਤਾਂ ਉਸ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਬਿਲਕੁਲ ਸਪਸ਼ਟ ਤੌਰ ਤੇ ਦੂਰ ਕਰ ਦਿਤਾ ਹੈ। ਇਸ ਆਪਣੀ ਜੀਵਨ ਕਥਾ ਵਿਚ ਆਪ ਜੀ ਤੋਂ ਪਹਿਲੇ ਹੋ ਚੁਕੀਆਂ ਨੌਂ ਗੁਰ ਪਾਤਸ਼ਾਹੀਆਂ ਦਾ ਜ਼ਿਕਰ ਆਪ ਇਸ ਤਰ੍ਹਾਂ ਕਰਦੇ ਹਨ :–

* ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ ॥

... ... ... ... ... ...

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰ ਇਹ ਜਗ ਮੋ ਕਰਾ ॥
ਅਮਰ ਦਾਸ ਪੁਨ ਨਾਮ ਕਹਾਯੋ ॥
ਜਨ ਦੀਪਕ ਤੇਂ ਦੀਪ ਜਗਾਯੋ ॥
ਸ੍ਰੀ ਨਾਨਕ ਅੰਗਦ ਕਰ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ਼ ਕਹਾਯੋ ॥
ਸਾਧੁਨ ਲਖ ਮੂੜ੍ਹ ਨਹਿ ਪਾਯੋ ॥
ਭਿੰਨ ਭਿੰਨ ਸਭਹੂ ਕਰ ਜਾਨਾ ॥
ਏਕ ਰੂਪ ਕਿਨਹੂ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧਿ ਹਾਥ ਨਾ ਆਈ ॥
ਰਾਮਦਾਸ ਹਰਿ ਸਿਉ ਮਿਲ ਗਯੇ ॥
ਗੁਰਤਾ ਦੇਤ ਅਰਜਨਹਿ ਭਯੇ ॥
ਜਬ ਅਰਜਨ ਪ੍ਰਭੁ ਲੋਕ ਸਿਧਾਯੇ ॥
ਹਰਗੋਬਿੰਦ ਤਿੰਹ ਠਾਂ ਠਹਿਰਾਯੇ ॥
ਹਰਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀ ਰਾਯ ਤਿੰਹ ਠਾਂ ਬੈਠਾਰੇ ॥


www.AKJ.Org

ਹਰੀ ਕ੍ਰਿਸ਼ਨ ਤਿੰਨ ਕੇ ਸੁਤ ਵਏ ॥
ਤਿਨਤੇ ਤੇਗ ਬਹਾਦੁਰ ਭਏ ॥

ਏਥੇ ਹੀ ਬਸ ਨਹੀਂ। ਉਹਨਾਂ ਨੇ ਅਰਦਾਸ ਰੂਪੀ ਪਉੜੀ (ਪ੍ਰਥਮ ਭਗਉਤੀ ਸਿਮਰਕੈ........) ਵਿਚ ਵੀ ਪਹਿਲੀਆਂ ਨੌ ਗੁਰ ਵਿਅਕਤੀਆਂ ਨੂੰ ਇਕ ਲੜੀ ਵਿਚ ਪਰੋਕੇ ਸੰਕੇਤ ਮਾਤਰ ਹੁਕਮ ਦਿਤਾ ਹੈ ਕਿ ਅਰਾਧਨਾਂ ਜਾਂ ਅਰਦਾਸ ਕਰਨ ਲਗਿਆਂ ਗੁਰੂ ਨਿਰੰਕਾਰੀ ਜੀ ਦੇ ਸਾਰੇ ਜਾਮਿਆਂ ਜਾਂ ਸਰੂਪਾਂ ਦਾ ਧਿਆਨ ਧਰਨਾ ਜਰੂਰੀ ਹੈ। ਇਸੇ ਲਈ ਗੁਰਸਿਖਾਂ ਦੀ ਹਰ ਅਰਦਾਸ ਇਸੇ ਪਉੜੀ ਨਾਲ ਅਰੰਭ ਹੁੰਦੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਤੋਂ ਉਪ੍ਰੰਤ ਗੁਰ ਇਤਿਹਾਸ ਵਿਚ ਭਾਈ ਸਾਹਿਬ ਭਾਈ ਨੰਦ ਲਾਲ (ਸਿੰਘ) ਜੀ ਦੂਜੇ ਮਹਾਨ ਬ੍ਰਹਮ ਵਿਦਵਾਨ ਹੋਏ ਹਨ ਜਿਨਾਂ ਨੇ ਗੁਰਮਤਿ ਸਿਧਾਤਾਂ ਨੂੰ ਅੰਕਤ ਕੀਤਾ ਹੈ। ਉਨ੍ਹਾਂ ਦੀ ਰਚਨਾਵਾਂ ਨੂੰ ਵੀ ਗੁਰੂ ਘਰ ਵਿਚ ਪਰਵਾਨੀ ਹੋਈ ਰਚਨਾ ਹੋਣ ਕਰਕੇ ਗੁਰਬਾਣੀ ਦੇ ਨਾਲ ਹੀ ਪੜ੍ਹੀ ਜਾਣ ਦਾ ਮਾਣ ਪਰਾਪਤ ਹੈ। ਫ਼ਾਰਸੀ ਦੇ ਉਚ ਵਿਦਵਾਨ ਹੋਣ ਕਰਕੇ ਬਹੁਤ ਸਾਰੀ ਰਚਨਾ ਭਾਈ ਜੀ ਨੇ ਫਾਰਸੀ ਕਵਿਤਾ ਵਿਚ ਹੀ ਰਚੀ ਹੈ। ਇਕ ਛੋਟੀ ਜਿਹੀ ਰਚਨਾ 'ਜੋਤਿ ਬਿਕਾਸ' ਹਿੰਦੀ ਵਿਚ ਵੀ ਹੈ।

ਦਸਾਂ ਗੁਰ ਵਯਕਤੀਆਂ ਦੇ ਇਕ ਜੋਤ ਹੋਣ ਸਬੰਧੀ ਆਪ ਜੀ ਨੇ ਇਸ ਤਰਾਂ ਅੰਕਤ ਕੀਤਾ ਹੈ:-

* ਨਾਨਕ ਸੋ ਅੰਗਦੁ ਗੁਰ ਦੇਵਨੰ ॥
ਸੋ ਅਮਰਦਾਸ ਹਰਿ ਸੇਵਨੰ ॥
ਸੋ ਰਾਮਦਾਸ ਸੋ ਅਰਜਨੰ ॥
ਸੋ ਹਰਿਗੋਬਿੰਦ ਹਰਿ ਪਰਸਨੰ ॥
ਸੋ ਕਰਤਾ ਹਰਿ ਰਾਇ ਦਾਤਾਰਨੰ ॥
ਸੋ ਹਰਿ ਕਿਸ਼ਨ ਅਗਮ ਅਪਾਰਨੰ ॥
ਸੋ ਤੇਗ ਬਹਾਦਰ ਸੱਤਿ ਸਰੂਪਨੰ ॥
ਸੋ ਗੁਰੂ ਗੋਬਿੰਦ ਸਿੰਘ ਹਰਿ ਕਾਰੂਪਨੰ ॥
ਸਭ ਏਕੋ ਏਕੋ ਏਕਨੰ ॥
ਨਹੀਂ ਭੇਦ ਨਾ ਕਿਛ ਭੀ ਪੇਖਨੰ ॥
(ਜੋਤਿ ਬਿਕਾਸ ਹਿੰਦੀ)

* ਹਮੂ ਨਾਨਕ ਅਸਤ ਵਹਮੂ ਅੰਗਦ ਅਸਤ ॥
ਹਮੂ ਅਮਰਦਾਸ ਅਫ਼ਜ਼ਲ ਇਲ ਅਮਜਦ ਅਸਤ ॥
ਹਮੂ ਰਾਮਦਾਸ ਵ ਹਮੂ ਅਰਜਨ ਅਸਤ ॥
ਹਮੂ ਹਰਗੋਬਿੰਦ ਅਕਰਮੁਲ ਅਹਸਨ ਅਸਤ ॥
ਹਮੂ ਅਸਤ ਹਰਿ ਰਾਇ ਕਰਤਾ ਗੁਰੂ ॥
ਬਦੋ ਆਸ਼ਕਾਰਾ ਹਮਾ ਪੁਸ਼ਤੋ ਰੂ ॥
ਹਮੂ ਹਰਿ ਕਿਸ਼ਨ ਆਮਦਾ ਸਰ ਬਲੰਦ ॥
ਅਜ਼ੂ ਹਾਸਿਲ ਉਮੀਦੇ ਹਰ ਮੁਸਤਮੰਦ ॥
ਹਮੂ ਹਸਤ ਤੇਗੋ ਬਹਾਦਰ ਗੁਰੂ ॥
ਕਿ ਗੋਬਿੰਦ ਸਿੰਘ ਆਮਦ ਅਜ਼ ਨੂਰੇਊ ॥
ਹਮੂ ਗੁਰ ਗੋਬਿੰਦੋ ਹਮੂ ਨਾਨਕ ਅਸਤ ॥
ਹਮਾ ਸ਼ਬਦੇਊ ਜੌਹਰੋ ਮਾਨਕ ਅਸਤ ॥
(ਜੋਤਿ ਵਿਕਾਸ ਫ਼ਾਰਸੀ)

ਸੋ ਗੁਰਬਾਣੀ ਤੇ ਹੋਰ ਪ੍ਰਮਾਣਿਕ ਤੇ ਪ੍ਰਵਾਨ ਬਾਣੀਆਂ ਤੋਂ ਉਪਰ ਸਪਸ਼ਟ ਹੋ ਚੁਕਾ ਹੈ ਕਿ ਦਸੇ ਗੁਰੂ ਇਕ ਜੋਤਿ ਸਨ। ਗੁਰਤਾ ਦੀ ਜੋਤਿ ਦਸ ਵਖੋ ਵਖ ਜਾਮਿਆਂ ਵਿਚ ਸੰਸਾਰ ਤੇ ਪ੍ਰਗਟ ਹੋਈ। ਜੋ ਜੋਤਿ ਗੁਰੂ ਨਾਨਕ ਅੰਦਰ ਸੀ, ਉਹ ਭਾਈ ਲਹਿਣੇ ਅੰਦਰ ਸਮਾਕੇ ਗੁਰੂ ਅੰਗਦ ਦਾ ਰੂਪ ਬਣ ਪਰਗਟੀ। ਇਸੇ ਤਰਾਂ ਬਾਕੀ ਪਾਤਸ਼ਾਹੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਤਕ, ਅਕਾਲ ਪੁਰਖ ਦੇ ਮਿਥੇ ਪਰੋਗਰਾਮ ਅਨੁਸਾਰ ਉਹੋ ਜੋਤਿ ਸਮੇਂ ਸਮੇਂ ਪਰਵਿਰਤ ਹੋਕੇ ਪਰਗਟ ਹੁੰਦੀ ਰਹੀ।

ਇਸ ਤਰ੍ਹਾਂ ਇਹ ਹੈ ਗੁਰ ਸਿਖੀ ਦਾ ਦੂਜਾ ਮੁਢ ਕਿ ਦਸੇ ਗੁਰ ਵਿਅਕਤੀਆਂ "ਸਭ ਏਕੋ ਏਕੋ ਏਕਨੰ" ਹਨ ਤੇ ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਸਿਰਫ ਪਹਿਲੇ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਗੁਰ ਵਿਯਕਤੀ ਦਾ ਸਿਖ ਹੈ ਤੇ ਬਾਕੀਆਂ ਦਾ ਨਹੀਂ।

—ਚਲਦਾ—


www.AKJ.Org

ਗੁਰੂ ਨਾਨਕ ਦੇ ਘਰ ਮੈਂ ਕੀ ਦੇਖਿਆ ਲੜੀ ਨੰ: ੨

# ਮੌਤ

ਭਾਈ ਗੁਰਮੁਖ ਸਿੰਘ ਜੀ ਪਟਿਆਲਾ ।

ਸਾਹਿਬੁ ਸਮ੍ਾਲਿਹ ਪੰਥ ਨਿਹਾਲਹ
ਅਸਾਂ ਭਿਓਥੈ ਜਾਣਾ ।

ਗੁਰੂ ਨਾਨਕ ਸਾਹਿਬ ਜੀ ਦੇ ਇਸ ਮਹਾਨ ਵਾਕ ਵਡਹੰਸ ਮਹਲਾ ੧ ਵਿਚ ਗੁਰਮਤਿ ਦਾ ਮੌਤ ਵਲ ਕੀ ਦ੍ਰਿਸ਼ਟੀਕੋਣ ਹੈ ਸੰਕੇਤ ਕੀਤਾ ਗਿਆ ਹੈ। ਇਹ ਗੁਰਵਾਕ ਨਿਚੋੜ ਹਨ। ਸੰਸਾਰ ਦੇ ਆਮ ਮੱਤ ਮਤਾਂਤਰਾ ਦਾ ਦ੍ਰਿਸ਼ਟੀਕੋਣ ਅਤੇ ਗੁਰੂ ਨਾਨਕ ਦੇਵ ਜੀ ਦੇ ਨੁਕਤਾ ਨਜ਼ਰ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਗੁਰੂ ਮਹਾਰਾਜ ਪੈਂਦੀ ਸਟ ਇਹੋ ਹੀ ਐਲਾਨ ਕਰਦੇ ਹਨ :–

ਜੰਮਣੁ ਮਰਣਾ ਹੁਕਮੁ ਹੈ
ਭਾਣੈ ਆਵੈ ਜਾਇ ॥

(੨) ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ ॥

ਜੋ ਜੰਮਿਆ ਹੈ, ਇਸ ਮਾਤ ਲੋਕ ਤੇ ਆਇਆ ਹੈ ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਆਇਆ ਹੈ। ਜਾਣਾ ਪਵੇਗਾ ਫਿਰ ਜਾਣ ਤੋਂ ਡਰ ਕਾਹਦਾ ਮਰਨਾ ਵੀ ਉਸਦੇ ਹੁਕਮ ਅਨੁਸਾਰ ਹੀ ਹੈ। ਫਿਰ ਮੌਤ Cause and effect ਦਾ ਇਕ ਅੰਗ ਹੈ। ਮਰਨਾ ਸਚ ਤੇ ਜੀਵਨਾ ਝੂਠ ਹੈ। ਇਸ ਬੁਨਿਆਦੀ ਨੁਕਤੇ ਤੋਂ ਉਪਰ ਉਠਕੇ ਹੋਰ ਕਈ ਸਿਟੇ ਕਢੇ ਗਏ ਹਨ, ਪਰ ਇਹ ਗਲ ਮੁਢ ਤੋਂ ਹੀ ਦ੍ਰਿੜ ਕਰਾਈ ਗਈ ਹੈ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ ।
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ।

ਮੌਤ ਇਕ ਪੜਾ ਹੈ। ਤਕਰੀਬਨ ਸਾਰੇ ਮੱਤ ਮੌਤ ਨੂੰ ਇਕ ਪੜਾ ਦੇ ਰੂਪ ਵਿਚ ਹੀ ਦੇਖਦੇ ਹਨ। ਈਸਾਈ ਅਤੇ ਮੋਮਨ ਇਸ ਨੂੰ ਅਜੇ ਤਕ ਇਕ (Waiting Room) ਆਰਾਮ ਘਰ ਗਿਣਦੇ ਹਨ, ਖਬਰ ਨਹੀਂ ਕਦੋਂ ਉਹ ਸਭਾਗ ਕਿਆਮਤ ਦਾ ਦਿਨ ਆਵੇ ਜਦੋਂ ਸਾਰੀਆਂ ਇੰਤਜ਼ਾਰ ਕਰ ਰਹੀਆਂ ਰੂਹਾਂ ਦੇ ਕਰਮਾਂ ਦਾ ਨਿਬੇੜਾ ਹੋਵੇਗਾ ਫਿਰ ਕੋਈ ਬਹਿਸ਼ਤ ਵਿਚ ਤੇ ਕੋਈ ਜਹਨੁਮ (ਨਰਕ) ਵਿਚ ਭੇਜੇ ਜਾਣਗੇ। ਪਰ ਇਹਨਾਂ ਕਾਹਲਾਂ ਵਿਚ ਕਿਸੇ ਨੂੰ ਵਾਹਿਗੁਰੂ ਜੀ ਵਿਚ ਲੀਨ ਹੋਣ ਦਾ ਸੰਕੇਤ ਨਹੀਂ ਮਿਲਦਾ ਨਾਹੀ ਸ਼ਾਇਦ ਇਸ ਬਾਤ ਦਾ ਕਿਸੇ ਨੂੰ ਗੁਮਾਨ-ਤਮਕ ਹੋਇਆ ਹੈ ਕਿ ਨਰਕ ਸੁਰਗ ਤੋਂ ਉਪਰ ਵੀ ਕੋਈ ਖੰਡ ਹੈ ਜਿਥੇ ਨਿਰੰਕਾਰ ਆਪ ਵਸਦਾ ਹੈ ਅਤੇ ਆਪਣੇ ਪਿਆਰਿਆਂ ਨੂੰ ਵੇਖ ਵੇਖ ਨਦਰ ਨਿਹਾਲਦਾ ਹੈ। ਗੋਇਆ ਮੌਤ ਇਹਨਾਂ ਲੋਕਾਂ ਲਈ (Escape) ਦਾ 'ਲੁਕ ਭਜ ਜਾਣ' ਦਾ ਕੇਵਲ ਇਕ ਸਾਧਨ ਹੈ ਜਿਸ ਰਾਹੀਂ ਤਪਦਾ ਹੋਇਆ ਮਨੁਖ ਜਾਂ ਉਸਦੀ ਆਤਮਾਂ ਇਤਨਾ ਚਿਰ ਤਾਂ ਸ਼ਾਂਤ ਹੀ ਰਹਿਣਗੇ ਜਿਨਾਂ ਚਿਰ (Judgement Day) ਕਿਆਮਤ ਦਾ ਦਿਨ ਨਹੀਂ ਆ ਜਾਂਦਾ। ਉਸ ਨੂੰ ਪਤਾ ਹੈ ਕਿ ਵਲੀ ਜਾਂ ਈਸਾ ਖੁਦ ਆਕੇ ਰਬ ਦੀ ਇਨਸਾਫ ਕਰਨ ਵਿਚ ਸਹਾਇਤਾ ਕਰੇਗਾ। ਪਰ ਇਹ ਤਾਂ ਗੁਰੂ ਨਾਨਕ ਦੇਵ ਜੀ ਹੀ ਸਨ ਜਿਨਾਂ ਪਹਿਲੀ ਵਾਰ ਮੁਗਲਾਂ ਦੇ ਰਾਜ ਸਮੇਂ ਇਸ ਥਿਉਰੀ ਨੂੰ ਵਗਾਂਰਿਆ ਕਿ ਮੁਸਲਮਾਨ ਦੀ ਮਿਟੀ ਕੁਮਿਆਰ



www.AKJ.Org

ਦੇ ਭਾਂਡੇ ਬਣਕੇ ਦੁਹਾਈ ਪਾਉਂਦੀ ਹੈ। ਕਿਉਂ ਪਾਉਂਦੀ ਹੈ ? ਦਾ ਉਤਰ ਗੁਰੂ ਬਾਬਾ ਜੀ "ਸੋ ਜਾਣੈ ਕਰਤਾਰੁ" ਹੀ ਦਿੰਦੇ ਹਨ।

ਦੂਜੇ ਪਾਸੇ ਮੌਤ ਤੋਂ ਬਾਦ ਮੁਕਤੀ ਮੰਗੀ ਜਾਂਦੀ ਰਹੀ। ਮੁਕਤੀ ਦੇ ਅਰਥ ਛੁਟਕਾਰੇ ਦੇ ਹਨ। ਜੀਵਨ ਸੰਗਰਾਮ ਤੋਂ ਤੰਗ ਆਇਆ ਮਨੁਖ ਹੁਣ ਕਿਥੇ ਜਾਵੇ ? ਮਰਨ ਵਿਚ ਹੀ ਮੁਕਤੀ ਦਿਸੀ। ਮੁਕਤੀ ਦਰ ਅਸਲ ਸੰਕੇਤ ਕਰਦੀ ਹੈ ਕਿ ਅਮੁਕ ਮਨੁਖ ਦੀ ਅਵਸਥਾ ਇਸ ਕਦਰ ਰੋਣਆਕੀ ਹੋ ਚੁਕੀ ਹੈ ਕਿ ਉਸ ਨੂੰ ਹਰ ਪ੍ਰਕਾਰ ਦੇ ਦੁਖ ਸੁਖ ਤੋਂ, ਉਸਨ ਸੀਤ ਤੋਂ, ਉਤਾਰ ਚੜ੍ਹਾਅ ਤੋਂ ਮੁਕਤੀ ਚਾਹੀਦੀ ਹੈ। ਛੁਟਕਾਰਾ ਚਾਹੀਦਾ ਹੈ। ਮੌਤ ਅਤੇ ਮੁਕਤੀ ਸਾਧਨ ਅਤੇ ਮਨਜ਼ਲ ਬਣ ਜਾਂਦੀਆ ਹਨ, ਪਰ ਮੌਤ ਦੁਖੀਆਂ ਲਈ ਸਦਾ (Escape) ਹੀ ਬਣੀ ਰਹੀ ਹੈ। ਹੁਣ ਵੀ ਜੋ ਬਹੁਤਾ ਦੁਖੀ ਹੈ ਉਹ ਮੌਤ ਵਿਚ ਸੁਖ ਮਨਾਉਂਦਾ ਹੈ। ਇਹ ਵਾਹਿਗੁਰੂ ਜਾਣੇ ਉਹਨਾਂ ਨਾਲ ਮਰਨ ਉਪਰੰਤ ਕੀ ਬੀਤਦੀ ਹੈ। ਪਰ ਇਕ ਵਾਰ ਤਾਂ ਵਿਚਾਰੇ ਤਰਲਾ ਲੈ ਕੇ ਆਸਾਂ ਬੰਨ੍ਹ ਕੇ ਮੌਤ ਨੂੰ ਗਲਵਕੜੀ ਪਾਂਦੇ ਹਨ। ਖੁਦ-ਕਸ਼ੀ ਕਰਨਾ ਵੀ Escape ਕਰਨ ਦੀ ਤੀਬਰ ਇਛਾ ਦਾ ਸੂਚਕ ਹੈ।

ਗੁਰੂ ਨਾਨਕ ਦੇ ਘਰ ਵਿਚ ਮੌਤ ਨੂੰ ਸਿਰਫ ਇਕ ਕੁਦਰਤੀ ਚੀਜ਼ ਜਾਂ ਹੁਕਮ ਦੀ ਖੇਡ ਹੀ ਸਮਝਿਆ ਜਾਂਦਾ ਹੈ। ਜਿਸ ਤੋਂ ਬਾਦ 'ਕਚ ਪਕਾਈ ਓਥੈ ਪਾਈ' ਦਾ ਨਜ਼ਾਰਾ ਵਜਦਾ ਹੈ। ਉਡੀਕਣਾ ਨਹੀਂ ਪੈਂਦਾ। ਤਰੀਕਾਂ ਲੰਮੀਆਂ ਨਹੀਂ ਪੈਂਦੀਆਂ। ਜਿਹੜੇ ਅਜੇ ਕਚੇ ਹਨ, ਉਹਨਾਂ ਦੀ ਪਕਾਈ ਕੀਤੀ ਜਾਣੀ ਹੈ। ਇਹ ਗਲ ਦੂਸਰੀ ਹੈ ਕਿ ਪਕਾਈ ਹੋਣ ਦਾ ਹੁਕਮ ਕਿਥੇ ਦਾ ਮਿਲਦਾ ਹੈ, ਪਰ ਇਹ ਅਵਸ਼ ਹੈ ਕਿ ਕਚਿਆਂ ਨੂੰ ਜਨਮ ਮਰਨ ਦਾ ਗੇੜ ਪੈਣਾ ਜ਼ਰੂਰੀ ਹੈ। ਭਾਂਵੇ ਉਹ ਨਰਕਾਂ ਵਿਚ ਮਧਾਣੀ ਵਾਂਗ ਮਥੇ ਜਾਣ ਜਾਂ ਚੌਰਾਸੀ ਦੇ ਗੇੜ ਵਿਚ ਪੈਣ। 'ਮਨਮੁਖਾਂ ਪਇਆ ਮੋਆ'। ਇਹ ਮੌਤ ਦਾ ਇਕ ਪਹਿਲੂ ਹੈ ਜੋ ਕੇਵਲ ਮਨਮੁਖਾਂ ਲਈ ਰੀਜ਼ਰਵ ਕੀਤਾ ਹੋਇਆ ਹੈ।

ਪਰ ਗੁਰਮੁਖਾਂ ਨੂੰ ਮੌਤ ਨਹੀਂ ਖਾਂਦੀ। ਉਹ ਤਾਂ ਦਾਵੇ ਨਾਲ ਕਹਿ ਰਹੇ ਹਨ।

(੧) ਕਬੀਰ ਸੁਰਗ ਨਰਕ ਤੇ ਮੈਂ ਰਹਿਓ
ਸਤਿਗੁਰ ਕੇ ਪ੍ਰਸਾਦਿ ॥

(੨) ਦਰ ਦਰਸ਼ਨ ਕਾ ਪ੍ਰੀਤਮ ਹੋਵੇ,
ਮੁਕਤ ਬੈ ਕੁੰਠੈ ਕਰੈ ਕਿਆ।

(੩) ਸੁਰਗ ਬਾਸੁ ਨ ਬਾਛੀਐ ਡਰੀਐ ਨ
ਨਰਕਿ ਨਿਵਾਸੁ।

ਸਪਸ਼ਟ ਹੈ ਕਿ ਮੌਤ ਗੁਰਮੁਖਾਂ ਲਈ Escape ਨਹੀਂ। ਸਗੋਂ ਆਪਣੇ ਆਪ ਨੂੰ 'ਹੁਕਮੀ ਬੰਦਾ' ਸਮਝਦੇ ਹਨ।

'ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ,
ਜਾ ਸਦੇ ਤ ਊਠਿ ਸਿਧਾਸਾ ਹੇ ॥
ਫਿਰ ਆਈ ਆਗਿਆ ਪਿਰਹੁ ਬੁਲਾਇਆ ॥
ਨਾ ਧਨ ਪੁਛੀ ਨ ਮਤਾ ਪਕਾਇਆ ॥

ਕੀ ਇਹ ਦ੍ਰਿਸ਼ਟੀ ਕੋਣ ਹੈ ਜਾਂ ਇਕ ਸਚਾਈ ਹੈ ? ਇਹ ਇਕ ਸਚਾਈ ਹੈ–ਸਚਾਈ ਤੇ ਅਧਾਰਤ ਨੁਕਤਾ ਨਜ਼ਰ ਹੈ। ਜਿਨਾਂ ਗੁਰਮੁਖਾਂ ਦੀਆਂ ਅੱਖਾਂ ਗੁਰ ਸ਼ਬਦ ਦੁਆਰਾ ਖੁਲੀਆਂ ਹਨ ਉਹ ਮਰਨ ਨੂੰ 'ਸਭਨਾ ਸਾਹੁਰੈ ਵੰਞਣਾ, ਸਭਿ ਮੁਕਲਾਵਣਹਾਰ ॥' ਕਰਕੇ ਦੇਖਦੇ ਹਨ ਫਿਰ ਮੌਤ ਪਰੀਤਮ ਕੇ ਦੇਸ ਜਾਣ ਦਾ ਸੱਦਾ ਹੈ ਜਿਸ ਵਿਚ ਮੁਕਲਾਵਣ ਦੀ ਖੁਸ਼ੀ ਹੈ ਭੈ ਨਹੀ, ਕੋਈ ਡਰ ਨਹੀਂ ਕੋਈ Escape ਨਹੀਂ ਅਤੇ ਨਾ ਹੀ ਕੋਈ Judgement Day ਦੀ ਉਡੀਕ ਦਾ ਟੰਟਾ ਹੈ।

ਕਬੀਰ ਜਿਸੁ ਮਰਨੈ ਤੇ ਜਗੁ ਡਰੈ,ਮੇਰੈ ਮਨ ਅਨੰਦੁ ॥
ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ ॥

ਕਿਉਂਕਿ "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ" ਅਤੇ ਗੁਰਮੁਖਿ ਸਦੇ ਜਾਨਿ ਆਵਨਿ ਘਲਿਆ ॥

(ਬਾਕੀ ਦੇਖੋ ਸਫਾ ੨੯)


www.AKJ.org

# ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

੨

## ਇਕ ਸੁੰਦਰ ਘਟਨਾ

ਗੁਜਰਵਾਲ ਦੀ ਸਿੰਘ ਸਭਾ ਦਾ ਸਲਾਨਾ ਦੀਵਾਨ ਹੈ। ਸੰਗਤ ਸਿੰਘ ਸਭਾ ਮਕਾਨ ਵਿਚ ਢਕੋ ਢਕੀ ਜੁੜ ਰਹੀ ਹੈ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿਤਸਰ ਜੀ ਦੇ ਰਾਗੀ ਸਿੰਘਾਂ ਵਲੋਂ ਹੋ ਰਿਹਾ ਹੈ। ਉਸ ਵੇਲੇ ਮੈਂ ਅਜਿਹਾ ਮਗਨ ਹੋ ਕੇ ਅਨੰਦ ਲੈ ਰਿਹਾ ਸਾਂ ਇਹ ਮੇਰੀ ਜ਼ਿੰਦਗੀ ਵਿਚ ਪਹਿਲਾ ਦਿਨ ਸੀ। ਮੈਨੂੰ ਸਤਿ ਸੰਗਤ ਸਚ ਮੁਚ ਬੈਕੁੰਠ ਰੂਪ ਪ੍ਰਤੀਤ ਹੋਈ ਮੈਨੂੰ ਚਾਰ ਚੁਫੇਰੇ ਅੰਮ੍ਰਿਤ ਵਰਖਾ ਹੁੰਦੀ ਤੇ ਮਿਠੀ ਫੁਹਾਰ ਪੈਂਦੀ ਮੇਰੇ ਚਾਰ ਚੁਫੇਰੇ ਪ੍ਰਤੱਖ ਪ੍ਰਤੀਤ ਹੋਈ। ਅਕਾਸ਼ ਅੰਮ੍ਰਿਤ ਦੀਆਂ ਲਹਿਰਾਂ ਨਾਲ ਭਰਿਆ ਤੇ ਝਲਝਲ ਕਰਦਾ ਸਰੋਵਰ ਹੀ ਪ੍ਰਤੀਤ ਹੋਵੇ। ਜਿਸ ਦੇ ਵਿਚ ਬੈਠਾ ਮੇਰਾ ਸਮੁਚਾ ਸ਼ਰੀਰ ਇਸ਼ਨਾਨ ਕਰ ਰਿਹਾ ਹੈ ਪਰ ਸਰੀਰ ਦੇ ਅੰਦਰ ਗਤਿ ਉਹ ਅਜੇ ਉਹ ਅੰਮ੍ਰਿਤ ਮੌਜਨੀ ਕਲਾ ਨਹੀਂ ਵਰਤੀ ਪ੍ਰਤੀਤ ਹੁੰਦੀ। ਪਰ ਰਸ ਸਰੀਰ ਰੂਪੀ ਭਵ ਸਾਗਰ ਦੇ ਅੰਦਰ ਅੰਮ੍ਰਿਤ ਸਰੋਵਰ ਸੁਖ ਸਾਗਰ ਵਿਚੋਂ ਲੀਨ ਹੋਣ ਆ ਰਿਹਾ ਹੈ। ਮਾਨੋਂ ਮੈਂ ਇਸ ਲੋਕ ਵਿਚ ਹੀ ਨਹੀਂ ਇਸ ਮਗਨਤਾ ਵਿਚ ਬੈਠੇ ਨੂੰ ਮੈਨੂੰ ਕੀ ਪ੍ਰਤੀਤ ਹੋਇਆ? ਕਿ ਇਕ ਗੁਰੂ ਕਾ ਪਿਆਰਾ ਪੰਜਾਂ ਪਿਆਰਿਆਂ ਵਿਚੋਂ ਮੇਰੀ ਓਰ ਮੇਰੇ ਪਿੱਠ ਪਿਛੇ ਵਲ ਤੁਰਿਆ ਆ ਰਿਹਾ ਹੈ। ਐਸਾ ਭਾਸੇ ਕਿ ਸੱਚ ਖੰਡ ਤੋਂ ਆ ਰਿਹਾ ਹੈ ਤੇ ਸੱਚ ਖੰਡ ਨੂੰ ਮੈਨੂੰ ਲੈ ਜਾਣ ਲਈ ਆ ਰਿਹਾ ਹੈ। ਆਪਣੀ ਅਚਲ ਮਗਨਾਨੰਦ ਸਮਾਧੀ ਵਿਚ ਸਾਹਮਣੇ ਕੀਰਤਨ ਹੋ ਰਿਹਾ ਦੇਖ ਰਿਹਾ ਹਾਂ ਤੇ ਪਿੱਠ ਪਿਛੇ ਉਸ ਪਿਆਰੇ ਨੂੰ ਪ੍ਰੇਮ ਲਟਕ ਵਿਚ ਤੇ ਸੱਚ ਖੰਡੀ ਧੁਨ ਵਿਚ ਆਉਂਦਾ ਵੇਖ ਰਿਹਾ ਹਾਂ। ਮਾਨੋ ਮੇਰੇ ਪਿਛਲੇ ਪਾਸੇ ਭੀ ਦੋ ਅਖਾਂ ਉਹ ਦ੍ਰਿਸ਼ਯ ਦੇਖਣ ਵਾਲੀਆਂ ਹੋਰ ਲਗੀਆਂ ਹੋਈਆਂ ਹਨ। ਪਰ ਇਹ ਸਾਰਾ ਨਜ਼ਾਰਾ ਮੇਰੇ ਭਾ ਦਾ ਧਰਤੀ ਅਸਮਾਨ ਦੇ ਮੱਧ ਵਿਚ ਵਰਤ ਰਿਹਾ ਜਾਪਦਾ ਹੈ। ਉਹੋ ਗਲ ਹੋਈ ਜਿਵੇਂ ਉਹ ਪਿਆਰਾ ਮੇਰੀ ਓਰ ਆਉਂਦਾ ਹੀ ਦਿਸ ਰਿਹਾ ਸੀ। ਸੱਚ ਮੁਚ ਹੀ ਮਲਕੜੇ ਜਿਹੇ ਮੇਰੇ ਪਿਛੇ ਆਣ ਖੜੋਤਾ ਤੇ ਆਪਣੀ ਦਿਬ ਚੁੰਬਕ ਹਸਤ ਕਮਲ ਦੀ ਉਂਗਲੀ ਨਾਲ ਮੈਨੂੰ ਟੁੰਬ ਕੇ ਇਕ ਆਕ੍ਰਖਣ ਸ਼ਕਤੀ ਨਾਲ ਆਪਣੇ ਨਾਲ ਲੈ ਤੁਰਿਆ ਫੇਰ ਪਿਛਾਂਹ ਉਸੇ ਓਰ ਨੂੰ ਜਿਧਰੋਂ ਆਇਆ ਸੀ ਤੇ ਮੂੰਹੋਂ ਕੁਛ ਨਹੀਂ ਬੋਲਿਆ ਤੇ ਮੈਥੋਂ ਭੀ ਹੁਤ ਨਹੀਂ ਹੋਈ ਪਿਛੇ ਲਗ ਤੁਰਿਆ ਕੀਰਤਨ ਅਖਾੜੇ ਵਿਚੋਂ ਭਾਵੇਂ ਉਠਣ ਨੂੰ ਚਿਤ ਨਹੀਂ ਸੀ ਕਰਦਾ ਪਰ ਇਸ ਚਾਉ ਚੀਲੇ ਹੁਲਾਸ ਭਰੇ ਆਸ ਭਰੋਸੇ ਨਾਲ ਭਰਿਆ ਭਕੁੰਨਿਆ ਹੋਇਆ, ਕਿ ਸੱਚ ਖੰਡ ਵਲ ਨੂੰ ਲਿਜਾਇਆ ਜਾ ਰਿਹਾ ਹਾਂ, ਸਮਾਧੀ ਲਗੀ ਲਗਾਈ ਉਸ ਪਿਆਰੇ ਦੇ ਪ੍ਰੇਮ ਪਿਛੇ ਮੂਰਤ ਬਣਿਆਂ ਖਿਚੀਂਦਾ ਚਲਿਆ ਜਾ ਰਿਹਾ ਹਾਂ। ਮੈਨੂੰ ਨਹੀਂ ਪਰਤੀਤ ਹੁੰਦਾ ਕਿ ਮੇਰੇ ਪੈਰ ਤੁਰ ਰਹੇ ਹਨ ਯਾ ਡਿੰਘਾਂ ਭਰੀਆਂ ਜਾ ਰਹੀਆਂ ਹਨ। ਤੁਰਤੋਂ ਫੁਰਤ ਮੈਨੂੰ ਇਕ ਅਜਿਹੇ ਦਿਬ ਮੰਡਲ ਵਿਚ ਲਿਜਾ ਕੇ ਵਾੜਿਆ ਗਿਆ ਜਿਥੇ ਮੈਂ ਕੀ ਦੇਖਦਾ ਹਾਂ ਕਿ ਸ਼ਾਂਤ ਵਰਤ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੈ। ਉਪਰ ਚੰਦੋਆ ਸੱਜਿਆ ਹੋਇਆ ਹੈ। ਤੇ ਚੌਰ ਹੋ ਰਿਹਾ ਹੈ ਅਤੇ ਪੰਜੇ ਪਿਆਰੇ ਬੜੇ ਅਦਬ ਸਨਮਾਨ ਨਾਲ ਤਾਬੇ ਖੜੇ ਹਨ ਤੇ ਜਦੋਂ ਉਸ ਪਿਆਰੇ ਨੇ ਸ੍ਰੀ ਗੁਰੂ ਗ੍ਰੰਥ



www.AKJ.Org

ਸਾਹਿਬ ਜੀ ਅਗੇ ਮਥਾ ਟੇਕਿਆ, ਜਾਣੀ ਇਹੋ ਜੇਹੀ ਭਉ ਭਾਵਨ ਸ਼ਾਹਿਤ ਮਥਾ ਟੇਕਦਾ ਮੈਂ ਅਗੇ ਕਿਸੇ ਨੂੰ ਦੇਖਿਆ ਹੀ ਨਹੀਂ ਸੀ। ਮੈਂ ਭੀ ਉਸ ਤਰ੍ਹਾਂ ਦੀ ਭਾਵਨੀ ਵਿਚ ਨਿਮਰੀ ਭੂਤ ਹੋ ਕੇ ਮੱਥਾ ਟੇਕਿਆ ਪਰ ਮੇਰਾ ਟੇਕਿਆ ਹਇਆ ਸੀਸ ਜਾਣੀ ਮੇਥੋਂ ਚੁਕਿਆ ਹੀ ਨਾ ਜਾਵੇ। ਉਸ ਪਿਆਰੇ ਨੇ ਮੈਨੂੰ ਥਾਪੜਾ ਦੇ ਕੇ ਸਵੀਧਾਨ ਕੀਤਾ। ਤਾਂ ਕੀ ਦੇਖਦਾ ਹਾਂ ਕਿ ਇਕ ਸਿੰਘ ਚੌਰ ਕਰਦਾ ਹੈ ਤੇ ਪੰਜੇ ਪਿਆਰੇ ਸਨਮੁਖ ਖੜੇ ਮੈਨੂੰ ਪੁਛ ਰਹੇ ਹਨ। ਕਿ ਅੰਮ੍ਰਿਤ ਛਕਣ ਦੀ ਅਭਿਲਾਖਾ ਹੈ? ਦਾਸ ਤੋਂ ਜਾਣੀ ਮੂਹੋਂ ਤਾ ਕੁਛ ਨਹੀਂ ਬੋਲ ਹੁੰਦਾ ਪਰ ਰੂਹਾਂ ਦਾ ਇਹ ਉਤਰ ਮਾਨੋ ਆਪੇ ਹੀ ਇਕ ਇਕ ਅਗੰਮੀ ਤਰੀਕੇ ਨਾਲ ਦੇ ਰਿਹਾ ਹਾਂ। "ਜੀ, ਜੇ ਦਾਸ ਅੰਮ੍ਰਿਤ ਦਾ ਅਧਿਕਾਰੀ ਹੈ ਤਾਂ ਛਕਾ ਦਿਉ ਛਕਣ ਦੀ ਅਭਿਲਾਖਾ ਤਾਂ ਬਹੁਤ ਹੈ। ਏਦੂੰ ਹੋਰ ਉਤਮ ਸਮਾਂ ਕਿਹੜਾ ਜੁੜਨਾ ਹੈ। ਮੇਰੇ ਧੰਨ ਭਾਗ ਹਨ। ਤਾਂ ਫੇਰ ਹੁਕਮ ਹੋਇਆ ਹੈ ਕਿ ਜੇ ਤੁਹਾਡੀ ਇਸਤ੍ਰੀ ਭੀ ਜਹਾਜ਼ ਚੜ੍ਹਨ ਨੂੰ ਤਿਆਰ ਹੈ ਤਾਂ ਨਾਲ ਹੀ ਉਸ ਨੂੰ ਵੀ ਲੈ ਆਉ" । ਜਦ ਏਨੀ ਅਵਾਜ਼ ਮੇਰੀ ਕੰਨੀ ਪਈ ਮਾਨੋਂ ਮੇਰੀ ਮਗਨ ਮੂਰਛਤਾ ਖੁਲ੍ਹ ਗਈ ਜਾਣੋਂ ਉਸ ਦਿੱਬ ਪਰ ਲੋਕੀਂ ਨਜ਼ਾਰੇ ਦਾ ਡਰਾਪ ਸੀਨ ਹੋ ਗਿਆ ਅਰਥਾਤ ਉਸ ਨਜ਼ਾਰੇ ਪਰ ਪਰਦਾ ਪੈ ਗਿਆ ਉਹ ਸਾਰਾ ਖੇਲ ਅੱਖਾਂ ਅਗੋਂ ਜਾਂਦਾ ਰਿਹਾ। ਮੈਂ ਕੀ ਦੇਖਦਾ ਹਾਂ ਕਿ ਮੈਂ ਇਸ ਦੁਨੀਆਂ ਵਿਚ ਬੈਠਾ ਹਾਂ ਤੇ ਸ੍ਰੀ ਗੁਰੂ ਸਿੰਘ ਸਭਾ ਗੁਜਰਵਾਲ ਦੇ ਇਕ ਕਮਰੇ ਵਿਚ ਅੰਮ੍ਰਿਤ ਪ੍ਰਚਾਰ ਦੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜ ਪਿਆਰੇ ਖੜੇ ਹਨ। ਤੇ ਉਹ ਪਿਆਰਾ ਜਿਹੜਾ ਮੈਨੂੰ ਕੀਰਤਨ ਮੰਡਲ ਵਿਚੋਂ ਉਠਾ ਕੇ ਲਿਆਇਆ ਸੀ। ਜਾਂ ਦੇਖਾਂ ਇਕ ਪਰੇਮੀ ਸਿੰਘ ਨਿਕਲਿਆ ਜਾਣੋ ਸਾਰੇ ਪਿਆਰੇ ਸਣੇ ਗ੍ਰੰਥੀ ਸਿੰਘ ਦੇ ਆਪਣੇ ਦਿਬ ਸੂਖਛਮ ਸਰੂਪੀ ਜਾਮੇ ਵਿਚ ਹੋਰ ਦੀ ਹੋਰ ਕਾਇਆ ਪਲਟ ਕੇ ਸਥੂਲ ਸਰੀਰ ਦੇ ਜਾਮੇ ਵਿਚ ਆ ਗਏ ਹਨ। ਮੈਂ ਉਹਨਾਂ ਨੂੰ ਆਖਿਆ ਕਿ ਕੀ ਚੰਗਾ ਹੁੰਦਾ ਕਿ ਆਪ ਮੈਨੂੰ ਇਕਲੇ ਨੂੰ ਅੰਮ੍ਰਿਤ ਦੇ ਬੇੜੇ ਤੇ ਚੜ੍ਹਾ ਦਿੰਦੇ। ਉਹਨਾਂ ਹਸ ਕੇ ਉਤਰ ਵਿਚ ਇਹ ਤੁਕ ਪੜੀ :—

ਦੀਨ ਦਇਆਲ ਭਰੋਸੇ ਤੇਰੇ ॥
ਸਭੁ ਪਰਵਾਰ ਚੜਾਇਆ ਬੇੜੇ ॥

ਤੇ ਅਖਿਆ ਆਪਣੀ ਪਤਨੀ ਨੂੰ ਭੀ ਤਿਆਰ ਕਰ ਲਵੋ। ਉਸ ਨੂੰ ਪਿਛੇ ਛਡ ਜਾਂਦੇ ਤਾਂ ਬਹੁਤ ਮੇਲੇ ਨਹੀਂ ਹੋਣੇ ਸਨ। ਤੇ ਹੋਰ ਭੀ ਇਸ ਪ੍ਰਕਾਰ ਦੇ ਬਚਨ ਆਖੇ ਜੋ ਮੇਰੇ ਯਾਦ ਨਹੀਂ। ਮੈਂ ਸਤਿ ਬਚਨ ਕਹਿ ਕੇ ਮੰਨਿਆ ਤੇ ਫੇਰ ਇਕ ਵਾਰ ਪੁਛਿਆ, ਕਿ ਕੀ ਐਸਾ ਅਮਲੋਕ ਤੇ ਅਲੌਕਿਕ ਅਵਸਰ ਕਦੇ ਫੇਰ ਪਰਾਪਤ ਹੋ ਜਾਵੇਗਾ? ਤਾਂ ਬਚਨ ਹੋਇਆ ਕਿ "ਇਸ ਤੋਂ ਵਧ ਕੇ", ਦਾਸ ਨੂੰ ਇਸ ਬਚਨ ਤੇ ਪਰਤੀਤ ਆ ਗਈ ਤੇ ਉਤਸ਼ਾਹੀ ਰੰਗਾਂ ਵਿਚ ਉਸ ਨੂੰ ਉਡੀਕਣ ਲਗਾ। ਦਾਸ ਦੀ ਜਗਯਾਸਾ ਕਈ ਸਾਲਾਂ ਦੀ ਜਗਯਾਸਾ ਹੁਣ ਤੀਬਰ ਵੇਗ ਵਾਲੀ ਵੈਰਾਗ ਪਰੇਮ ਭਰੀ ਜਗਯਾਸਾ ਸੀ। ਮੇਰੇ ਅੰਮ੍ਰਿਤ ਛਕਣ ਦੇ ਅਧਿਕਾਰ ਉਤੇ ਪੰਥ ਮੁਖੀਆਂ ਦੀ ਮੋਹਰ ਲਗ ਚੁਕੀ ਸੀ। ਪਹਿਲੇ ਪਹਿਲ ਬਹੁਤ ਚਿਰ ਤਾਂ ਮੈਂ ਇਸ ਭੁਲੇਖੇ ਵਿਚ ਰਿਹਾ ਸੀ ਕਿ ਅੰਮ੍ਰਿਤ ਛਕਾਉਣ ਹਾਰੇ ਪੰਜਾਂ ਪਿਆਰਿਆਂ ਦੀ ਚੋਣ ਮੇਰੀ ਆਪਣੀ ਮਨਸ਼ਾ ਅਨੁਸਾਰ ਹੋਣੀ ਹੈ ਲੜੀਂਦੀ ਹੈ। ਪਰੰਤੂ ਇਹ ਖਿਆਲ ਭੁਲੇਖਾ ਕਦੇ ਦਾ ਦੂਰ ਹੋ ਚੁਕਾ ਸੀ। ਪਿਆਰਿਆਂ ਦੀ ਚੋਣ ਦਾ ਹਕ ਪੰਥ ਪਰਬੀਨ ਖਾਲਸਾ ਦੀਵਾਨ ਨੂੰ ਹੈ ਨਾ ਕਿ ਅੰਮਿਤ ਅਭਿਲਾਖੀਆਂ ਦੀ ਨਿਜ਼ਮਰਜ਼ੀ ਵਾਲੀ ਮਤਿ ਨੂੰ। ਅੰਮ੍ਰਿਤ ਅਭਿਲਾਖੀ ਬਪੁੜੇ ਜਗਯਾਸੂ ਜੀਵ ਭਲਾ ਉਚ ਅੰਮ੍ਰਿਤ ਕਲਾਂ ਖਿਡਾਰੀ ਗੁਰਮੁਖ ਪਿਆਰਿਆਂ ਦੀ ਯੋਗਤਾ ਸੰਬਧੀ ਪਰੀਖਿਆ ਦਾ ਕੀ ਅਨਮਾਨ ਲਗਾ ਸਕਦੇ ਹਨ? ਸੋ ਲਗਾਉਣਗੇ ਭੀ ਤਾਂ ਆਪਣੀ ਨੀਵੀਂ ਮਤਿ ਅਨੁਸਾਰ।


www.AKJ.Org

ਪਰੰਤੂ ਅਜ ਦੇ ਚਿੰਤਕਾਰੇ ਨੇ ਤਾਂ ਸਾਫ ਫੈਸਲਾ ਕਰ ਦਿਤਾ ਹੈ ਕਿ ਜੇਹੋ ਜੇਹਾ ਕਿਸਿ ਜਗਯਾਸੂ ਦਾ ਅਧਿਕਾਰ ਹੋਊ ਤੇਹੋ ਜੇਹੇ ਹੀ ਅਮਰ ਫਲ ਤਿਸ ਨੂੰ ਅਮਰੀ ਭਾਣੇ ਦੇ ਅਮਰ (ਹੁਕਮ) ਨਾਲ ਲਗਣਗੇ। ਸਿਆਣਪ ਤੇ ਚਤੁਰਾਈ ਦੀ ਗਿਣਤੀ ਮਿਣਤੀ ਵਾਲੀਆਂ ਅਲਪਗ ਮਤਾਂ ਦੀ ਏਥੇ ਕੋਈ ਜਾ ਨਹੀਂ। ਸੋ ਮੈਂ ਹੁਣ ਇਸ ਪਰਕਾਰ ਦੀਆਂ ਸਭ ਚਿਤਵਣੀਆਂ ਨੂੰ ਛਡ ਕੇ ਅਕਾਲੀ ਅਮਰ ਦੇ ਤਕੀਏ ਤਾਣ ਚਾਊ ਭਰੀਆਂ ਅਮਰੀ ਉਡੀਕਾਂ ਵਿਚ ਦਿਵਸ ਬਤੀਤ ਕਰਨ ਲਗਾ। ਆਪਣੀ ਪਤਨੀ ਵਲੋਂ ਮੈਂ ਉਕਾ ਹੀ ਅਵਿਸਲਾ ਸੀ। ਕਿਉਂ ਕਿ ਮੈਂ ਪੂਰਨ ਤੌਰ ਤੇ ਪਰਖ ਚੁਕਾ ਸੀ ਕਿ ਉਹ ਨਿਰ ਸੰਸੇ ਮੇਰੀ ਹਰ ਪਰਕਾਰ ਦੀ ਰਜ਼ਾ ਮਰਜ਼ੀ ਵਿਚ ਰਾਜ਼ੀ ਹੈ। ਤੇ ਨਾਹੀਂ ਮੈਨੂੰ ਕੋਈ ਆਪਣੇ ਹੁਦਰੇ ਉਸ ਨੂੰ ਆਪਣੀ ਮਰਜ਼ੀ ਦੇ ਅਨੁਕੂਲ ਰਖਣ ਵਿਚ ਕੋਈ ਪਰੀਸ਼ਰਮ ਕਰਨਾਂ ਪਿਆ। ਉਹ ਮੇਰੀ ਆਤਮ ਬ੍ਰਿਤੀ ਦੇ ਵੇਗ ਨੂੰ ਵੇਖ ਵੇਖ ਕੇ ਆਪੋਂ ਹੀ ਉਸ ਦੇ ਅਨੁਸਾਰੀ ਹੁੰਦੀ ਗਈ। ਉਸ ਨੂੰ ਜਬਰਨ ਆਪਣੀ ਇਛਾਂ ਦੇ ਅਨੁਸਾਰੀ ਬਣਾਉਣ ਦਾ ਅਵਸਰ ਕਦੇ ਭੀ ਨਾ ਆਉਣਾ ਪਾਇਆ। ਮੇਰੀ ਸਾਰਖੀ ਰਹਿਤ, ਰਹਿਣੀ ਰਹਿਣ ਨੂੰ ਉਹ ਆਪੇ ਹੀ ਹਰ ਵਕਤ ਉਤਸ਼ਾਹ ਪੂਰਬਕ ਤਿਆਰ ਰਹਿੰਦੀ ਸੀ। ਏਹ ਇਕ ਬੀਬੀ ਦੇ ਸਤਿ ਸੰਗ ਦਾ ਫਲ ਸੀ ਕਿ ਮੇਰੀ ਪਤਨੀ ਨੂੰ ਅਜਿਹੀ ਸੁਮਤ ਪਰਾਪਤ ਹੋਈ। ਇਹ ਬੀਬੀ ਉਸ ਦੀ ਸਕੀ ਭੂਆ ਦੀ ਪੋਤਰੀ ਸੀ। ਅਤੇ ਬਚਪਨ ਤੋਂ ਹੀ ਇਸ ਬੀਬੀ ਦੇ ਸੰਗ ਸਾਥ ਸੀ।

ਇਕ ਕੁਲਤਾਰਤ ਬੀਬੀ :—

ਇਸ ਦਾ ਰਹਿਣਾ ਸਹਿਣਾ ਬਣਿਆ ਹੋਇਆ ਸੀ। ਏਸ ਬੀਬੀ ਜੈਸੀ ਗੁਰਮੁਖਿ ਬੀਬੀ ਮੇਰੀ ਦੇਖਣ ਵਿਚ ਪੰਥ ਅੰਦਰ ਕੋਈ ਵਿਰਲੀ ਹੀ ਭਾਵੇਂ ਆਈ ਹੋਵੇ ਗੁਰਮਤਿ ਦੇ ਸਰਬ ਗੁਣਾਂ ਵਿਚ ਪਰਬੀਨ ਇਹ ਬੀਬੀ ਸੀ। ਗੁਰਮਤਿ ਵਿਦਿਆ ਵਿਚ ਇਹ ਬੀਬੀ ਐਸੀ ਨਿਪੁੰਨ ਸੀ। ਜਿਸ ਦੀ ਦੂਜੀ ਮਿਸਾਲ ਕਿਤੇ ਵਿਰਲੇ ਹੀ ਹੋਵੇਗੀ ਇਸ ਬੀਬੀ ਦੇ ਜੇ ਗੁਣ ਦਸਣ ਲਗਾਂ ਤਾਂ ਇਹ ਤਕੜੀ ਪੁਸਤਕ ਤਿਆਰ ਹੋ ਜਾਵੇ। ਅਫਸੋਸ ! ਕਿ ਦਾਸ ਨੂੰ ਇਸ ਬੀਬੀ ਦਾ ਜੀਵਨ ਇਤਿਹਾਸ ਲਿਖਣ ਦਾ ਅਵਸਰ ਨਾ ਮਿਲਿਆ। ਅਤੇ ਕੁਲਤਾਰਕ ਬੀਬੀ ਆਪਣੀ ਛੋਟੀ ਉਮਰ ਵਿਚ ਹੀ ਪਰਲੋਕ ਪਿਆਨਾ ਕਰ ਗਈ ਪਰ ਇਸ ਛੋਟੀ ਜਿਹੀ ਆਪਣੀ ਜੀਵਨ ਯਾਤਰਾ ਵਿਚ ਜੋ ਜੋ ਗੁਰਸਿਖੀ ਦੇ ਪੂਰਨੇ ਪਾ ਗਈ ਉਹ ਪੰਥਕ ਔਜ ਨੂੰ ਉਜਲ ਕਰਨ ਹਾਰੇ ਹਨ। ਇਸ ਗੁਰੂ ਪਠਾਈ ਤੇ ਗੁਰੂ ਲੋੜ ਲਈ ਬੀਬੀ ਦੇ ਸਤਿ ਸੰਗਿ ਪ੍ਰਭਾਵ ਦੇ ਸਤਿ ਜੁਗੀ ਅਸਰ ਤਲੇ ਮੇਰੀ ਪਤਨੀ ਭੀ ਸੁਭਾਗ ਹੋ ਗਈ। ਤੇ ਜੋ ਜੋ ਸਿਖਿਆ ਇਸ ਨੂੰ ਉਸ ਗੁਰਮੁਖ ਬੀਬੀ ਤੋਂ ਪਰਾਪਤ ਹੋਈ । ਉਹ ਛੋਟੀ ਉਮਰ ਵਿਚ ਹੀ ਇਸ ਦੇ ਅੰਦਰ ਘਰ ਕਰ ਗਈ। ਇਸ ਲਈ ਮੇਰੇ ਇਸ਼ਾਰੇ ਦੀ ਲੋੜ ਭੀ ਨਾ ਪੈਂਦੀ ਕਿ ਮੇਰੇ ਹਸਬ ਮਨਸ਼ਾ ਗੁਰਸਿਖੀ ਦਾ ਜਗਯਾਸਾ ਵਾਲੀ ਧਾਰਨਾ ਇਹ ਆਪੇ ਹੀ ਧਾਰ ਲੈਂਦੀ ਸੀ। ਮੇਰੇ ਨਾਲ ਜਹਾਜ਼ ਚੜ੍ਹਨ ਦਾ ਇਸ ਨੂੰ ਦਿਲੀ ਪਰੇਮ ਸੀ। ਪਰੰਤੂ ਮੈਂ ਇਸ ਵਲੋਂ ਅਜਿਹਾ ਬੇ ਪਰਵਾਹ ਰਹਿੰਦਾ ਸੀ। ਕਿ ਮੈਨੂੰ ਆਪਣੇ ਪਰੇਮ ਬੈਰਾਗ ਦੇ ਰੰਗਾਂ ਵਿਚ ਇਸ ਦਾ ਉਕਾ ਹੀ ਖਿਆਲ ਨਹੀਂ ਸੀ ਰਹਿੰਦਾ।

* * *

# ਜਹਾਜ਼ ਚੜ੍ਹਨ ਦਾ ਪਰਸੰਗ

ਦਿਨ ਆਂਵਦੇ ਆਂਵਦੇ ਨੇੜੇ ਆ ਗਏ। ਮੇਰੇ ਨਵ ਜੀਵਨ, ਨਵੇਂ ਜਨਮ, ਸਤਿਗੁਰੂ ਦੇ ਜਨਮੇ ਗਵਨ ਮਿਟਾਵਨ ਦੇ ਦਿਨ ਅਤਿ ਨੇੜੇ ਆਣ ਪਹੁੰਚੇ ਪਰ ਆਏ ਬੇ ਖਬਰੇ, ਮੈਨੂੰ ਖਬਰ ਨਹੀਂ ਸੀ ਕਿ ਕਦੋਂ ਤੇ ਕਿਸ ਅਰਸੇ ਵਿਚ ਆਉਣੇ ਹਨ, ਮੈਂ ਤਾਂ ਦੀਵਾਨਾ ਵਾਰ ਗੁਰੂ ਦੇ


www.AKJ.Org

ਦੀਵਾਨਾਂ ਦਾ ਭੰਵਰਾ ਬਣਿਆ ਫਿਰਦਾ ਰਹਿੰਦਾ ਸਾਂ, ਤੇ ਇਹ ਉਮੈਦ ਬਝ ਹੀ ਚੁਕੀ ਸੀ ਕਿ ਅਜ ਕਲ ਗੁਰੂ ਦੀ ਦਰਗਾਹੋਂ ਇਸ ਅੰਮ੍ਰਿਤ ਦੇ ਜਾਚਕ ਨੂੰ ਖੈਰ ਪੈਣ ਵਾਲੀ ਹੀ ਹੈ। ਓੜਕ ਇਕ ਦਿਨ ਮਾਹੀ ਦੀ ਸਦ ਸੁਣੀ ਤੇ ਅਚਾਣ-ਚਕ ਹੀ ਮੇਰੇ ਕੰਨਾਂ ਅੰਦਰ ਇਹ ਸ੍ਰੋਤ ਪਈ ਕਿ ਬਕਾ ਪੁਰ ਨਗਰ (ਤਹਿਸੀਲ ਫਲੌਰ ਜ਼ਿਲਾ ਜਲੰਧਰ) ਵਿਖੇ ਗੁਰੂ ਖਾਲਸਾ ਜੀ ਦਾ ਅਦੁਤੀ ਦੀਵਾਨ ਸੱਜਣਾ ਹੈ ਤੇ ਉਥੇ ਅੰਮ੍ਰਿਤ ਦੇ ਇਲਾਹੀ ਭੰਡਾਰੇ ਭੀ ਗੁਰੂ ਦੀ ਦਰਗਾਹੋਂ ਵਰਤਣੇ ਹਨ। ਦਾਸ ਜੋ ਅਗੇ ਹੀ ਗੁਰੂ ਕੇ ਹਰ ਇਕ ਦੀਵਾਨ ਤੇ ਸਤਿ ਸੰਗ ਸਮਾਗਮ ਜਿਥੇ ਕਿਥੇ ਭੀ ਸੁਣਦਾ ਸੀ, ਧਾ ਕੇ ਲਾਹੇ ਲੈਣ ਨੂੰ ਉਥੇ ਅਪੜਿਆ ਕਰਦਾ ਸੀ, ਹੁਣ ਤੁਰਤ ਫੁਰਤ ਹੀ ਸੁਣਦੇ ਸਾਰ ਤਿਆਰ ਹੋ ਗਿਆ। ਹੋਰ ਕਈ ਇਕ ਪਿੰਡ ਦੇ ਸਜਣ ਤਿਆਰ ਹੋਕੇ ਗਏ ਰਾਹ ਵਿਚ ਅਨੇਕਾਂ ਹੋਰ ਜਥੇ ਨਾਲ ਰਲ ਗਏ। ਫਲੋਰ ਸਟੇਸ਼ਨ ਤੋਂ ਉਤਰਦੇ ਹੀ ਢੋਲਕ ਛੈਣਿਆਂ ਨਾਲ ਸ਼ਬਦ ਕੀਰਤਨ ਹੋਣਾ ਅਰੰਭ ਹੋ ਗਿਆ ਤੇ ਦੀਵਾਨ ਅਸਥਾਨ ਤਾਂਈ ਕੀਰਤਨ ਹੁੰਦਾ ਚਲਿਆ ਗਿਆ। ਅਗਾਂਹ ਪੰਥ ਦੇ ਸਮੂੰਹ ਉਘੇ ਆਗੂਆਂ ਤੇ ਗੁਝੇ ਪਰੇਮੀਆਂ ਗੁਰਮਖ ਜਨਾਂ ਦੀ ਪੂਰਨ ਇਕਤ੍ਰਤਾ ਸੀ, ਗਲ ਕੀ ਸਰਬ ਕਲਾ ਸੰਪੂਰਨ ਸ਼ਾਨ ਵਾਲਾ ਖਾਲਸਾ ਦੀਵਨ ਜੋ ਮੈਂ ਆਪਣੀ ਉਮਰ ਵਿਚ ਪਹਿਲੇ ਪਹਿਲ ਦੇਖਿਆ, ਏਹੋ ਸੀ। ਇਸ ਦੀਵਾਨ ਸੰਬੰਧੀ ਹੋਰ ਅਧਿਕ ਜ਼ੋਰ ਦੀ ਲਿਖਣ ਦੀ ਏਥੇ ਲੋੜ ਨਹੀਂ। ਮੈਂ ਨਿਮਗਨ ਹੋਇਆ ਪੂਰਨ ਉਤਸ਼ਾਹ ਵਿਚ ਬੈਠਾ ਝੂਮ ਰਿਹਾ ਸੀ ਕਿ ਭਰੇ ਦੀਵਾਨ ਵਿਚ ਮੁਕਾਮੀ ਪਰਵਾਰ ਦੇ ਨਾਲ ਇਕ ਬਾਟੇ ਵਿਚ ਅੰਮ੍ਰਿਤ ਛਕਣ ਹਾਰਿਆਂ ਦੇ ਨਿਤਰਨ ਦੀ ਸਦ ਪਈ ਤਾਂ ਦਾਸ ਨੂੰ ਕਿਸੇ ਤਾਕਤ ਨੇ ਉਕਸਾ ਕੇ ਉਠਾ ਦਿਤਾ। ਖੜੇ ਹੋਣ ਸਾਰ ਦਾਸ ਨੇ ਦੋਇ ਕਰ ਜੋੜ ਬੇਨਤੀ ਕੀਤੀ ਕਿ ਜੇ ਗੁਰੂ ਪੰਥ ਦਾਸ ਨੂੰ ਇਸ ਯੋਗ ਸਮਝਦਾ ਹੈ ਕਿ ਇਸ ਉਤਮ ਜਗਿਆਸੂ ਪਰਵਾਰ ਦੇ ਸੰਗ ਸਾਥ ਅੰਮ੍ਰਿਤ ਛਕਾਇਆ ਜਾਵੇ ਤਾਂ ਦਾਸ ਆਪਣੇ ਅਹੋ ਭਾਗ ਸਮਝ ਕੇ ਛਕਣ ਨੂੰ ਤਿਆਰ ਹੈ। ਮੇਰੇ ਸੁਭਾਗ ਭਾਗਾਂ ਨੂੰ ਬੇਨਤੀ ਪਰਵਾਨ ਪਈ ਤੇ ਮੇਰੇ ਨਾਲ ਚਾਰ ਹੋਰ ਅੰਮ੍ਰਿਤ ਅਭਿਲਾਖੀ ਸਾਡੇ ਪਿੰਡ ਦੇ ਤਿਆਰ ਹੋ ਗਏ। ਫਿਰ ਤਾਂ ਬਹੁਤ ਸਾਰੇ ਤਿਆਰ ਹੋ ਗਏ। ਛਾਨ ਬੀਨ ਕਰ ਕੇ ਜੋ ਅਧਿਕਾਰੀ ਸੇ ਸੋ ਰਖੇ ਗਏ ਅਤੇ ਸਕੇਸ਼ ਇਸ਼ਨਾਨ ਕਰਾ ਕੇ ਅੰਮ੍ਰਿਤ ਸੰਚਾਰ ਮੰਡਲ ਅੰਦਰ ਦਾਖਲ ਹੋਣ ਲਈ ਸਨਮਾਨੇ, ਪਰਮਾਨੇ ਗਏ ਇਸ ਤੋਂ ਅਗੇ ਮੈਂ ਆਪ ਨੂੰ ਸੰਖੇਪ ਤੌਰ ਤੇ ਲਿਖ ਹੀ ਚੁਕਾ ਹਾਂ ਕਿਵੇਂ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਹੀ ਪੰਜਾਂ ਪਿਆਰਿਆਂ ਤੋਂ ਭਿੰਨ ਇਕ ਸਿੰਘ ਸਜਨ ਵਲੋਂ ਗੁਰ ਮੰਤਰ ਦਿਤਾ ਗਿਆ, ਜਿਸ ਕਰ ਕੇ ਅੰਮ੍ਰਿਤ ਦੀ ਪੂਰਨ ਕਲਾ ਅਮਰ ਕਲਾ ਵਰਤਨ ਵਿਚ ਵਿਘਨ ਪਿਆ। ਅਤੇ ਨਾਮ ਦ੍ਰਿੜੂ ਨਾ ਹੋਣ ਦੇ ਕਾਰਣ ਅਭਿਆਸ ਦਾ ਪ੍ਰਵਾਹ ਤਾਬੜ ਤੋੜ ਹੀ ਨਾ ਤੁਰ ਪਿਆ ਪਰੰਤੂ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਦਾਸ ਦੀ ਕਾਇਆ ਪਲਟ ਗਈ ਅਤੇ ਸਚ ਮੁਚ ਨਵਾਂ ਜਨਮ, ਨਵ-ਜੋਬਨ ਵਾਲਾ, ਜਨਮ ਹੋ ਗਿਆ ਪਰਤੱਖ ਪਰਤੀਤ ਹੋਇਆ। ਅਤੇ ਜੋ ਰਹਿਤ ਰਹਿਣੀ ਉਸ ਸਮੇਂ ਦ੍ਰਿੜ ਕਰਾਈ ਗਈ ਮਾਨੋਂ ਉਸ ਦੇ ਪਾਲਣ ਦੀ ਪਰਤੀਗਆ ਸਿਰਾਂ ਧੜਾਂ ਦੇ ਦਾਈਏ ਨਾਲ ਨਿਬਾਹੁਣ ਦੀ ਹੋ ਗਈ। ਦਾਸ ਨੂੰ ਜੋ ਭੀ ਹੁਕਮ ਗੁਰਮਤਿ ਅਸੂਲਾਂ ਰਹਿਤ ਦੇ ਰਹਿਣੀ ਆਦਿ ਦੇ ਪੰਜਾਂ ਪਿਆਰਿਆਂ ਨੇ ਦ੍ਰਿੜ੍ਹਾਏ ਗੁਰੂ ਦਸਮੇਸ਼ ਜੀ ਦੇ ਸਾਖਸ਼ਾਤ ਸਨਮੁਖੀ ਹੁਕਮ ਪ੍ਰਤੀਤ ਹੋਏ ਜੋ ਕਿ ਕੇਵਲ ਗੁਪਤ ਕਲਾ ਵਿਚ ਸੀਨਾ ਬਸੀਨਾ ਗੁਰੂ ਖਾਲਸਾ ਦਵਾਰਾ ਸੰਚਰਤ ਹੁੰਦੇ ਧੁਰੋਂ ਹੀ ਚਲੇ ਆਉਂਦੇ ਹਨ। ਇਨ੍ਹਾਂ ਹੁਕਮਾਂ ਉਤੇ ਚਲਣ ਦੇ ਪਰਤੱਖ ਪੂਰਨੇ ਪਾਉਣ ਨੂੰ ਦਾਸ ਨੇ ਗੁਰਮਤਿ ਬਿਬੇਕ ਕਰ ਕੇ ਜਾਣਿਆ। ਅਤੇ ਏਹਨਾ ਧਾਰਨਾਂ ਦੇ ਅਨੁਸਾਰੀ ਰਹਿਣ ਨੂੰ ਹੀ ਕਲਿਆਨਕਾਰੀ


www.AKJ.Org

ਸਮਝਿਆ । ਗੁਰੂ ਘਰ ਵਿਖੇ ਨਵਾਂ ਜਨਮ ਹੋਣ ਕਰਕੇ ਜਿਉਂ ਕੇ ਤਿਉਂ ਰਹਿਤ ਰਹਿਣੀ ਦੇ ਖਾਲਸਾ ਜੀ ਨਾਲ ਖਾਨ ਪਾਨ ਦੀ ਵਰਤੋਂ ਰਖਣ ਦਾ ਭੂੰਘਾ ਤੇ ਜਾਦੂ ਭਰਿਆ ਅਕਸ ਹਿਰਦੇ ਉਤੇ ਬੈਠ ਕੇ ਦ੍ਰਿੜ੍ਹ ਹੋ ਗਿਆ । ਮੁਕਦੀ ਗਲ ਇਹ ਕਿ ਅੰਮ੍ਰਿਤ ਛਕ ਕੇ ਗੁਰੂ ਕੀ ਰਹਿਤ ਰਹਿਣੀ ਦੀ ਉਚ ਭਾਵਨਾਂ ਨਾਲ ਭਰੇ ਭਕੁੰਨੇ ਹੋਏ ਜਦ ਮੁੜ ਸੰਸਾਰੀ ਸਬੰਧ ਦੇ ਕਲਪਤ ਘਰ ਵਿਖੇ ਆਏ ਤਾਂ ਅਗੋਂ ਦਾਸ ਦੀ ਕਾਇਆ ਪਲਟ ਕ੍ਰਾਂਤੀ ਤੇ ਕ੍ਰਿਆ ਨੂੰ ਦੇਖ ਕੇ ਸਭਨਾ ਦੇ ਭਾ ਦਾ ਅਚੰਭਾ ਹੋ ਗਿਆ ਸੰਸਾਰੀ ਪਰਵਾਰ ਸਾਰੇ ਦਾ ਸਾਰਾ ਅਜੇ ਪਰਮਾਰਥੀ ਬੇੜੇ ਪਰ ਚੜ੍ਹਿਆ ਨਹੀਂ ਸੀ । ਬੇ ਅੰਮ੍ਰਿਤੀਆਂ ਦੇ ਹਥੋਂ ਬਣਿਆਂ ਭੋਜਨ ਖਾਣਾ ਨਹੀਂ ਸੀ ਪਤਨੀ ਐਤਕੀ ਭੀ ਦੈਵਨੇਤ ਨਾਲ ਆਪਣੇ ਪੇਕੇ ਘਰ ਗਈ ਹੋਣ ਕਰਕੇ ਸਾਂਝੀਵਾਲ ਹੋਣੋਂ ਰਹਿ ਗਈ ਸੀ ਤੇ ਉਸ ਦੇ ਉਥੇ ਆਉਣ ਪਸਚਾਤ ਹੀ ਉਸ ਦੇ ਜਹਾਜ਼ ਚੜ੍ਹਨ ਦਾ ਸਮਾਗਮ ਬਝਦਾ ਸੀ । ਮਾਤਾ ਪਿਤਾ ਆਦਿਕ ਹੋਰ ਪਰਵਾਰ ਨੂੰ ਮੈਂ ਕਹਿ ਭੀ ਨਹੀਂ ਸਕਦਾ ਸੀ । ਆਪਣੇ ਗਫੇ ਆਪਣੀ ਹਥੀਂ ਹੀ ਸਜਾਉਣ ਲਗ ਪਿਆ ਕਦੇ ਸਾਰੀ ਉਮਰ ਵਿਚ ਪਰਸ਼ਾਦਾ ਨਹੀਂ ਸੀ ਸਜਾਇਆ । ਮੇਰੀ ਘਾਲਣਾ ਦੀ ਸਚਾਈ ਦਾ ਕੁਛ ਅਸਰ ਪਿਆ ਕੁਛ ਕੁਦਰਤੀ ਪਰੇਰਨਾ ਹੋਈ, ਸ਼ਾਇਦ ਮੋਹ-ਮਮਤਾ ਦਾ ਭੀ ਕੁਛ ਅੰਸ ਹੋਣਾ ਹੈ । ਘਾਲ ਘਾਲਦੇ ਨੂੰ ਮਸਾਂ ਦੋ ਕੁ ਮਹੀਨੇ ਹੀ ਹੋਏ ਸਨ ਕਿ ਗੁਰੂ ਕੀ ਕਿਰਪਾਲਤਾ ਦੁਆਰਾ ਸਾਰੇ ਦਾ ਸਾਰਾ ਪਰਵਾਰ ਅੰਮ੍ਰਿਤ ਛਕ ਕੇ ਖਾਲਸਾ ਸਜ ਗਿਆ ਤੇ ਸਿੰਘਣੀ ਭੀ ਪੇਕੇ ਘਰੋਂ ਆ ਕੇ ਤਿਆਰ ਬਰ ਤਿਆਰ ਸਜ ਗਈ । ਫ਼ੇਰੇ ਘੇਰੇ ਤੋੜ ਕੇ ਅਨੰਦ ਵਿਵਾਹ ਹੋਇਆ ਤੇ ਅਨੰਦੋ ਅਨੰਦ ਵਰਤ ਗਿਆ ।

## ਦੀਵਾਨਾਂ ਤੇ ਸਤਿਸੰਗ ਮੰਡਲਾਂ ਦੇ ਲਾਹੇ

ਇਸ ਬਿਧ ਜਦ ਸਮੂਹ ਪਰਵਾਰ ਦਾ ਸੁਧਾਰ ਗੁਰਮਤਿ ਅਨੁਸਾਰ ਹੋ ਗਿਆ । ਤਦ ਘਰ ਵਿਚ ਰਹਿ ਕੇ ਹੀ ਪਰਮਾਰਥੀ ਜੀਵਨ ਪਰਵਾਨ ਗ੍ਰਿਸਤ ਉਦਾਸ ਵਾਲਾ ਰਾਜ ਯੋਗ ਸੁਖੈਨ ਹੀ ਬਤੀਤ ਹੋਣ ਲਗਾ । ਅਤੇ ਗੁਰੂ ਕੀਆਂ ਸੰਗਤਾਂ ਵਿਚ ਚਤੋ ਪਹਿਰ ਵਿਹਾਉਣ ਲਗੀ, ਖਾਸ ਪਿੰਡ ਵਿਚ ਹੀ ਸ਼ਬਦੀ ਜਥਾ ਸੋਹਣੇ ਰੰਗਾਂ ਵਿਚ ਸਜ ਗਿਆ । ਚਾਹੇ ਪਿੰਡ ਵਿਚ ਹੋਰ ਕਈ ਸਿੰਘ ਸਜ ਗਏ ਸਨ ਤੇ ਕਈ ਘਰਾਣਿਆਂ ਦੇ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਬਿਬੇਕ ਵਾਲੇ ਜੀਵਨ ਵਿਰਲੇ ਹੀ ਸਨ, ਇੰਨ੍ਹਾਂ ਦੇ ਸੰਗਿ ਸਾਥ ਮਿਲ ਕੇ ਹੀ ਪਿੰਡ ਵਿਚ ਸਤਿ ਸੰਗ ਕੀਰਤਨ ਦੇ ਅਨੰਦ ਲੈਣੇ ਅਤੇ ਬਾਹਰ ਦੀਵਾਨਾਂ ਉਤੇ ਭੀ ਜਾਣਾ । ਉਥੇ ਜਾ ਕੇ ਕੇਵਲ ਸ਼ਬਦ ਕੀਰਤਨ ਰੂਪੀ ਸਤਿ ਸੰਗ ਲਾਹੇ ਲੈਣੇ । ਜਿਨ੍ਹਾਂ ਦੀਵਾਨਾਂ ਪਰ ਤਿਆਰ ਬਰ ਤਿਆਰ ਗੁਰੂ ਕੇ ਲੰਗਰ ਦਾ ਪਰਬੰਧ ਨਹੀਂ ਸੀ ਹੁੰਦਾ ਉਥੇ ਅਸੀਂ ਆਪ ਹੀ ਆਪਣੇ ਹਥੀਂ ਗਫੇ ਸਜਾਉਂਦੇ ਤੇ ਬਾਕੀ ਸਮਾਂ ਕੀਰਤਨ ਸੁਣਨ ਤੇ ਕੀਰਤਨ ਕਰਨ ਵਿਚ ਬਤੀਤ ਕਰਦੇ ਫੇਰ ਖਾਸ ਪਿੰਡ ਨਾਰੰਗਵਾਲ ਵਿਚ ਹੀ ਕਈ ਦੀਵਾਨ ਉਪਰੋ ਥਲੀ ਹੋਏ ਤੇ ਅਨੇਕਾਂ ਸਿੰਘ ਸਜੇ, ਚਾਹੇ ਸਿਰੇ ਤਾਂ ਵਿਰਲੇ ਹੀ ਚੜ੍ਹੇ ਪਰ ਸ਼ਬਦੀ ਜਥਾ ਤਕੜੀਆਂ ਲਹਿਰਾਂ ਵਿਚ ਹੋ ਗਿਆ । ਫੇਰ ਤਾਂ ਜਿਥੇ ਭੀ ਦੂਰ ਨੇੜੇ ਦੀਵਾਨ ਹੋਣਾ ਇਸ ਜਥੇ ਨੂੰ ਖਾਸ ਸਦੇ ਦਵਾਰਾ ਬੁਲਾਇਆ ਜਾਣਾ । ਐਸਾ ਹੀ ਸ਼ਾਇਦ ਹੀ ਕੋਈ ਸਤਿ ਸੰਗ ਸਮਾਗਮ ਹੋਊ ਜਿਥੇ ਜਾ ਕੇ ਅਸੀਂ ਸਚੇ ਸਤਿਸੰਗ ਮਈ ਲਾਹੇ ਨਹੀਂ ਲਏ ਹੋਣਗੇ । ਵੀਹ ੨, ਤੀਹ ਤੀਹ ਕੋਹਾਂ ਤਕ ਪੈਦਲ ਤੁਰਕੇ ਹੀ ਜਾਣਾ ਤੇ ਦੀਵਾਨ ਅਸਥਾਨ ਵਿਚ ਪਹੁੰਚਣਾ । ਇਸ ਬਿਧ ਬੜਾ ਲੰਮਾ ਚੌੜਾ ਬਿਸਥਾਰ ਹੈ, ਬਹੁਤੀ ਲੋੜ ਹੋਵੇ ਤਾਂ ਹੋਰ ਸੱਜਣਾ ਨੂੰ ਬਿਸਥਾਰ ਪੂਰਬਕ ਪੁਛ ਸਕਦੇ ਹੋ । ਪਰ ਮੈਂ ਥੋੜੇ ਜਹੇ ਵਿਚ ਹੀ ਮੁਕਾ ਦੇਣਾ ਚਾਹੁੰਦਾ ਹਾਂ ਕਿ ਇਸ



www.AKJ.Org

ਪਰਕਾਰ ਸੰਗਤਾਂ ਸੰਗ ਨਿਰੋਲ ਸਤਿਸੰਗ ਸਮਾਗਮਾਂ ਵਿਚ ਵਿਹਾਉਂਦਿਆਂ ਹੋਇਆਂ ਕੁਛ ਸਮਾਂ ਬੀਤ ਗਿਆ ਫਿਰ ਆ ਸਮਾਂ ਆਗਿਆ ਜਦੋਂ ਕਿ ਐਬਟਾਬਾਦ ਦੇ ਤਿਆਰੇ ਹੋ ਗਏ। ਇਸ ਪਰਥਾਇ ਆਪ ਪਰਤੀ ਅਗੇ ਹੀ ਖਾਸ ਸਮਾਚਾਰ ਬਤਾ ਚੁਕਾ ਹਾਂ।

(ਚਲਦਾ)

—੦—

## * ਪਾਠਕਾਂ ਪ੍ਰਤੀ ਬੇਨਤੀਆਂ *

* ਮਾਸਕ ਪੱਤਰ "ਸੂਰਾ" ਜੁਲਾਈ ੧੯੬੬ ਤੋਂ ਪਟਿਆਲੇ ਵਿਖੇ ਹੇਠ ਲਿਖੇ ਪਤੇ ਤੇ ਪਰਕਾਸ਼ਤ ਹੋਣਾ ਸ਼ੁਰੂ ਹੋ ਗਿਆ ਹੈ। ਸੋ ਪਾਠਕਾਂ ਪ੍ਰਤੀ ਬਿਨੈ ਹੈ ਕਿ ਉਨ੍ਹਾਂ ਨੂੰ ਪਰਚਾ ਨ ਪੁਜਣ ਬਾਰੇ ਕੋਈ ਸ਼ਕਾਇਤ ਹੋਵੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ।

* ਅਗੇ ਨੂੰ ਮਾਸਕ ਪੱਤਰ "ਸੂਰਾ" ਹਰ ਮਹੀਨੇ ਪ ਤਾਰੀਖ ਨੂੰ ਡਾਕ ਵਿਚ ਪਾ ਦਿਤਾ ਜਾਇਆ ਕਰੇਗਾ। ਇਸ ਲਈ ਦੇਸ਼ ਵਾਸੀ ਵੀਰਾਂ ਨੂੰ ੧੨ ਤਾਰੀਖ ਤਕ ਅਤੇ ਪਰਦੇਸੀ ਵੀਰਾਂ ਨੂੰ ਵੀਹ ਤਾਰੀਖ ਤਕ ਜੇਕਰ ਪਰਚਾ ਨਾ ਮਿਲੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ।

* ਜਦੋਂ ਭੀ ਆਪ ਜੀ ਦੇ ਘਰ ਦਾ ਪਤਾ ਤਬਦੀਲ ਹੋਵੇ ਤਾਂ ਫੌਰਨ ਹੇਠ ਲਿਖੇ ਪਤੇ ਤੇ ਪਤਾ ਸਾਫ ਤੇ ਸ਼ੁਧ ਲਿਖ ਭੇਜੋ।

ਮੈਨੇਜਰ "ਸੂਰਾ"
ਪ੯੪/੩, ਖਾਲਸਾ ਮਹੱਲਾ, ਪਟਿਆਲਾ।



www.AKJ.Org

(ਸਫਾ ੨੨ ਦੀ ਬਾਕੀ)

ਮੌਤ ਇਕ ਅਟਲ ਹੁਕਮ ਹੈ, ਪਰੀਤਮ ਦਾ ਸਦਾ ਹੈ ਜਦੋਂ ਮੜ੍ਹਾ ਸਰੀਰ ਛਡ ਕੇ ਗੁਰਮੁਖ ਜਨ ਆਪਣੇ ਪਰੀਤਮ ਪਾਸ ਸਦਾ ੨ ਲਈ ਤੁਰ ਜਾਂਦੇ ਹਨ। ਉਹ ਉਹਨਾਂ ਦਾ ਅਸਲੀ ਘਰ ਹੈ। ਆਪਣਾ ਘਰ ਹੈ। ਇਸ ਲਈ ਉਹਨਾਂ ਦੀ 'ਮੌਤ' ਨੂੰ ਮੌਤ ਨਹੀਂ ਆਖਿਆ ਜਾ ਸਕਦਾ ਅਸਲ ਜੀਵਨ ਤਾਂ 'ਮੁਕਲਾਵਨ' ਤੋਂ ਬਾਦ ਸ਼ੁਰੂ ਹੁੰਦਾ ਹੈ। ਇਹ ਸੰਸਾਰ ਉਹਨਾਂ ਲਈ ਪੇਕੜੇ ਘਰ ਹੈ। ਜਿਥੇ ਚਾਰ ਦਿਨ ਰਹਿਕੇ ਸਾਹੁਰੜੇ ਜਾਣ ਦਾ ਧੁਰਵਾ ਬੱਝਾ ਹੋਇਆ ਹੈ। ਇਸ ਲਈ ਮੌਤ ਜਾਂ ਸਦਾ ਆਉਣ ਤੇ ਗੁਰਮੁਖ ਜਨ ਕਦੀ ਉਦਾਸ ਨਹੀਂ ਹੁੰਦੇ। ਨਾ ਹੀ ਉਹਨਾਂ ਦੇ ਚਲਾਣੇ ਪੁਰ ਰੋਣ ਦਾ ਕਮ ਹੈ।

ਕਬੀਰ ਸੰਤ ਮੂਏ ਕਿਆ ਰੋਈਐ
ਜੋ ਅਪੁਨੇ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ
ਜੁ ਹਾਟੈ ਹਾਟ ਬਿਕਾਇ ॥

ਇਸ ਲਈ ਇਹ 'ਚਾਰ–ਦਿਹਾੜੀ ਜੀਵਨ' ਗੁਰੂ ਕੇ ਸਿਖ ਨੂੰ ਲੁਭਾ ਨਹੀਂ ਸਕਦਾ। ਉਹ ਮੌਤਲ ਕੇ ਥੁਕ ਭਰਦੇ ਹਨ। ਗੁਰਬਾਣੀ ਰਾਹੀਂ ਗੁਰੂ ਨਾਨਕ–ਗੁਰੂ ਗ੍ਰੰਥ ਸਾਹਿਬ ਐਸਾ ਉਪਦੇਸ਼ ਦਿੰਦੇ ਹਨ ਕਿ ਇਕ ਸਧਾਰਨ ਮਨੁਖ ਜੋ ਅਗੇ ਮੌਤ ਤੋਂ ਡਰਦਾ ਸੀ, ਹੁਣ ਮੌਤ ਨੂੰ ਅਟੱਲ ਸਮਝਦਾ ਹੈ।

ਜਿਤੇ ਜੀਵ ਜੰਤੰ ਦੁਨੀਆ ਉਪਾਯੰ।
ਸਭੈ ਅੰਤ ਕਾਲੰ ਬਲੀ ਕਾਲ ਘਾਯੰ।
(ਬਚਿਤ੍ਰ ਨਾਟਕ)

ਉਹਦੇ ਸਾਹਮਣੇ ਜੀਵਨ ਦਾ ਨਕਸ਼ਾ ਖਿਚਿਆ ਗਿਆ ਹੈ। ਰਾਮ ਤੋਂ ਲੈ ਕੇ ਰਾਵਨ ਤਕ ਸਭ ਛੋਟੇ ਜਾਂ ਵਡੇ ਪਰਵਾਰਾਂ ਵਾਲੇ ਅੰਤ ਖੈ ਹੋਏ। ਸੁਰ; ਨਰ, ਦੇਵ, ਗਣ, ਮੁਨੀ, ਮੁਨੀਸਰ, ਤਪੀ ਤਪੀਸਰ, ਸਭ ਦੇ ਸਭ ਕਾਲ ਦੇ ਸ਼ਿਕਾਰ ਬਣੇ। ਕਈ ਇਕ ਸਜਨਾਂ ਨੇ ਕਾਲ ਨਾਲ ਯੁਧ ਕਰਨ ਦਾ ਜਤਨ ਵੀ ਕੀਤਾ। ਰਾਵਨ ਨੇ ਕਾਲ ਵਸ ਕਰ ਲਿਆ ਸੀ, ਕੰਸ਼ ਅਤੇ ਹਰਣਾਕਸ਼ ਆਦਿ ਨੇ ਬਥੇਰਾ ਜ਼ੋਰ ਲਾਇਆ, ਪਰ ਮੌਤ ਨ ਟਲੀ।

ਗੁਰੂ ਘਰ ਵਿਚ ਮੌਤ ਬਜਾਏ ਭੈ ਭੀਤ ਕਰਨ ਦੇ ਇਕ ਅਕਸੀਰ (ਰਸਾਇਣ) (Tonic) ਦਾ ਕੰਮ ਕਰਦੀ ਹੈ। ਪਤਾ ਹੈ ਮਰਨਾ ਹੈ। ਪਤਾ ਹੈ ਕੋਈ ਰਿਹਾ ਨਹੀਂ। ਇਸ ਲਈ ਜੀਵਨ ਵਿਚ ਵੈਰਾਗ ਆ ਗਿਆ। ਮੌਤ ਸਾਹਮਣੇ ਖੜੀ ਦਿਸ ਰਹੀ ਹੈ ਅਤੇ ਚਿਤਾਵਨੀ ਕਰਾ ਰਹੀ ਹੈ ਕਿ ਚੇਤਨਾ ਹੈ ਤਉ ਲੈ ਨਿਸਿ ਦਿਨਿ ਮੈ ਪ੍ਰਾਨੀ

ਪਨੰ:–ਅਜਹੂ ਕਛੁ ਬਿਗਰਿਓ ਨਹੀ,
ਜੋ ਪ੍ਰਭ ਗੁਨ ਗਾਵੈ।

ਅਤੇ ਇਸ ਲਈ ਜਿਨੀ ਚਲਣੁ ਜਾਣਿਆ, ਸੇ ਕਿਉ ਕਰਹਿ ਵਿਥਾਰ, ਚਲਨ ਸਾਰ ਨਾ ਜਾਣਨੀ ਕਾਜ ਸਵਾਰਣ ਹਾਰ।

ਪੰਨਾ:–ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ਆਦਿ ਗੁਰ ਪਰਮਾਣਾ ਰਾਹੀਂ ਰੱਬੀ ਬਾਣੀ ਡਰੇ ਹੋਏ ਮਨੁਖੀ ਮਨ ਨੂੰ ਹੱਲਾ ਸ਼ੇਰੀ ਦੇ ਕੇ ਆਪਣ ਹਥੀਂ ਆਪਣਾ ਕੰਮ ਸਵਾਰਨ ਦੀ ਪਰੇਰਨਾ ਕਰਦੀ ਹੈ।

ਵੈਰਾਗ ਤੋਂ ਛੁਟ ਮੌਤ ਨੇ ਗਿਆਨ ਦੇ ਚਾਨਣ ਵਿਚ ਕੁਝ ਅਜਿਹਾ ਦ੍ਰਿਸ਼ ਦਿਖਾਇਆ ਕਿ ਕੰਬ ਰਿਹਾ ਪ੍ਰਾਣੀ, ਪ੍ਰਹਿਲਾਦ ਵਾਂਗ ਲਾਲ ਸੁਰਖ ਤਪੇ ਹੋਏ ਥੰਬੇ ਨੂੰ ਜੱਫਾ ਮਾਰਨ ਲਈ ਤਿਆਰ ਹੋ ਪਿਆ। ਗੁਰੂ ਨੇ ਬੁਝਾਰਤਾਂ ਪਾ ਪਾ ਕੇ ਇਸ ਦੇ ਕਪਾਟ ਖੋਲ੍ਹ ਦਿਤੇ।

੧. ਦੇਹੀ ਮਾਟੀ ਬੋਲੈ ਪਾਉਣੁ ॥
ਬੁਝਰੇ ਗਿਆਨੀ ਮੂਆ ਹੈ ਕਉਣ।

੨. ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬਿਚਾਰਾ
ਇਹੁ ਤਉ ਚਲਤੁ ਭਇਆ ਗੁਰ ਸਿਖ ਨੂੰ ਦ੍ਰਿੜ ਹੋ ਗਿਆ ਕਿ
ਪਵਨੈ ਮਹਿ ਪਵਨੁ ਸਮਾਇਆ ਜੋਤੀ ਮਹਿ



www.AKJ.Org

ਜੋਤਿ ਰਲਿ ਜਾਇਆ ॥ ਦੇ ਫ਼ਰਮਾਨ ਅਨੁਸਾਰ ਨਿਸਚਾ ਹੋ ਗਿਆ ਹੈ ਕਿ ਗੁਰਮੁਖ ਜਨ ਗੁਰੂ ਕੇ ਸਿਖ ਕਦੀ ਮਰਦੇ ਨਹੀਂ ।

ਮੈ ਨ ਮਰਉ ਮਰਿਬੋ ਸੰਸਾਰਾ ॥
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥

ਜੀਵਾਲਨਹਾਰ ਤਾਂ ਹੁਣ ਮਿਲਿਆ ਹੈ, ਫਿਰ ਮੌਤ ਕਿਥੇ ? ਗੁਰਬਾਣੀ ਨੇ ਗੁਰ ਸਿਖਾਂ ਨੂੰ ਭਲੀ ਭਾਂਤ ਨਿਸਚੇ ਕਰਾਏ ਦਿਤਾ ਹੈ ਕਿ ਜੋ ਨਾਮ ਨਹੀਂ ਜਪਦੇ ਉਹ ਜੀਉਂਦੇ ਵੀ ਮਰੇ ਹੋਏ ਹਨ ।

ਫਰੀਦਾ ਪਿਛਲ ਰਾਤਿ ਨ ਜਾਗਿਓ
ਜੀਵੰਦੜੋ ਮੁਇਓਹਿ ।
ਜਿਨੀ ਨਾਮੁ ਵਿਸਾਰਿਆ, ਸੇ ਹੋਤ ਦੇਖੇ ਖੇਹ ।

ਪਰ ਗੁਰੂ ਨੇ—

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ।

ਮਿਰਤਕ ਕੋ ਪਾਇਓ ਤਨਿ ਸਾਸਾ ਦੀ ਖੇਡ ਪ੍ਰਤੱਖ ਵਰਤਾ ਦਿਤੀ । ਭਾਈ ਡੱਲਾ ਜੀ ਦੀ ਸਾਖੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਡੱਲੇ ਜੀ ਦੇ ਸੂਰਮੇ ਮੌਤ ਤੋਂ ਡਰਦੇ ਸਨ ਅਤੇ ਗੁਰੂ ਕੇ ਲਾਲ ਰੰਗੀਲੇ ਸਿਖਾਂ ਦਾ ਮੌਤ ਨੂੰ ਹਸ ਹਸ ਗਲਵਕੜੀ ਪਾਣ ਲਈ ਇਕ ਦੂਸਰੇ ਨਾਲੋਂ ਅਗੇ ਲੰਘ ਜਾਣ ਦੀ ਕੋਸ਼ਿਸ਼ ਕਰਨਾ ਇਹ ਗਲ ਸਿਧ ਕਰਦਾ ਹੈ । ਕਿ ਗੁਰੂ ਘਰ ਵਿਚ ਜੀਵਨ ਵਲ ਦ੍ਰਿਸ਼ਟੀ ਕੋਣ ਇਤਨਾ ਉਜਲਾ (Optimistic) ਸੀ ਕਿ ਜੀਵਨ ਵਤੀਤ ਕਰਨਾ ਹੈ ਤਾਂ "ਸ਼ੇਖ ਫਰੀਦੇ ਖੈਰੁ ਦੀਜੈ ਬੰਦਗੀ । ਅਤੇ ਜੇ ਮਰਨਾ ਹੈ ਤਾਂ ਸੂਰਾ ਸੋ ਪਹਿਚਾਨੀ ਐ ਜੁ ਲਰੈ ਦੀਨ ਕੇ ਹੇਤ ਪੁਰਜਾ ੨ ਕਟਿ ਮਰੈ ਕਬਹੂ ਨਾ ਛਾਡੈ ਖੇਤੁ । ਇਹ ਸ਼ਬਦ ਪੜ੍ਹਦੇ ੨ ਅਨਗਿਣਤ ਸੂਰਮੇ, ਗੁਰੂ ਕੇ ਸਚਿਆਰ ਸਨਮੁਖ ਸਿਖ ਹਸੂ ਹਸੂ ਦੀਨ ਕੇ ਹੇਤ ਮੌਤ ਨੂੰ ਵੰਗਾਰ ਕੇ ਅਮਰ ਹੋ ਗਏ । 'ਤਿਨ ਕੋ ਕਾਲ ਨਾ ਖਾਤੇ' ਦੀ ਉਚ ਮੰਨਜ਼ਲ ਤਕ ਅਪੜ ਗਏ । ਸੁਰਖਰੂ ਹੋ ਕੇ ਗੁਰੂ ਦੀ ਗੋਦ ਵਿਚ ਜਾ ਬਿਰਾਜੇ ।

ਤਾਤਪਰਜ ਇਹ ਹੈ ਕਿ ਗੁਰੂ ਨਾਨਕ ਦੇ ਘਰ ਮੌਤ ਕੋਈ ਡਰ ਵਾਲੀ ਡਰਾਉਣੀ ਚੀਜ਼ ਹੋ ਕੇ ਨਹੀਂ ਦਿਸਦੀ । ਸਗੋਂ ਇਹ ਪਰੀਤਮ ਕੇ ਦੇਸ ਜਾਣ ਦਾ ਸੱਦਾ (Call) ਹੈ । ਦੇਹੁ ਸਜਣ ਅਸੀਸੜੀਆਂ ਜਿਉਂ ਹੋਵੈ ਸਾਹਿਬ ਸਿਉਂ ਮੇਲੁ । ਜਾਂ ਸਦਣ ਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ।

ਇਸ ਦ੍ਰਿਸ਼ਟੀਕੋਣ ਦਾ ਜੇ ਪਰਤਖ ਨਜ਼ਾਰਾ ਦੇਖਣਾ ਹੈ ਤਾਂ ਕਿਸੇ ਗੁਰਸਿਖ ਦੇ ਚਲਾਣੇ ਦਾ ਦ੍ਰਿਸ਼ ਦੇਖਿਆ ਜਾਏ । ਜਿਥੇ ਹੋਰ ਮਤਾਂ ਦੇ ਲੋਗ 'ਸਿਆਪਾ' ਕਰਕੇ ਰੋਂਦੇ ਹਨ, ਅਤੇ ਰੋਈਂ ਜਾਂਦੇ ਹਨ । ਸੁਣਿਆ ਹੈ ਸਿਆਪਾ ਕਰਨ ਲਈ ਖਾਸ ਤ੍ਰੀਮਤਾਂ ਕਿਰਾਏ ਭਾੜੇ ਤੇ ਮਿਲ ਜਾਂਦੀਆਂ ਹਨ, ਜੋ ਤਰ੍ਹਾਂ ੨ ਦੇ ਵੈਣ ਪਾ ਪਾ, ਹੋਰਨਾਂ ਨੂੰ ਸਿਵਾਏ ਰੁਆਉਣ ਦੇ ਹੋਰ ਕੁਝ ਵੀ ਨਹੀਂ ਕਰਦੀਆਂ ਪਰ ਗੁਰਸਿਖਾਂ ਦੇ ਚਲਾਣੇ ਤੇ ਘੰਟਿਆਂ ਬਧੀ ਨਿਰਬਾਣ ਕੀਰਤਨ ਹੁੰਦਾ ਹੈ । ਬਾਣੀ ਦਾ ਪਾਠ ਹੁੰਦਾ ਹੈ । ਹਰਿ ਜਸ ਦੀਆਂ ਘੁਮਰਾਂ ਪੈਂਦੀਆਂ ਹਨ । ਇਕ ਵਾਰੀ ਕਿਸੇ ਗੁਰਸਿਖ ਦੇ ਚਲਾਣੇ ਤੇ ਰੈਣ ਸਬਾਈ ਕੀਰਤਨ ਹੋਇਆ । ਸਵੇਰੇ ੮–੯ ਵਜੇ ਤਕ ਕਾਫੀ ਸੰਗਤ ਸੀ । ਅਤੇ ਭੋਗ ਪਿਆ । ਮੇਰੇ ਪਾਸ ਇਕ ਹਿੰਦੂ ਜਨਟਲਮੈਨ ਬੈਠਾ ਸੀ ਕਹਿਣ ਲਗਾ ਕਿ ਇਹ ਅਜੀਬ ਦੇਖਿਆ ਹੈ ਕਿ ਕੋਈ ਮਰੇ ਅਤੇ ਕੜਾਹ ਪਰਸ਼ਾਦ ਵਰਤੇ । ਉਸਨੂੰ ਕੀ ਪਤਾ ਕਿ ਗੁਰੂ ਨਾਨਕ ਦੇ ਘਰ ਮੌਤ ਦਾ ਕੀ ਦਰਜਾ ਹੈ ?

ਹੋਰ ਤਾਂ ਹੋਰ ਗੁਰ ਸਿਖਾਂ ਨੂੰ ਸਸਕਾਰ ਤੋਂ ਬਾਦ ਅੰਗੀਠਾ ਫਰੋਲਣ ਦਾ ਹੁਕਮ ਨਹੀਂ, ਨਾ ਹੀ ਮੁਕਤੀ ਲਈ ਫੁਲ "ਗੰਗਾ ਜੀ" ਦੀ ਭੇਟਾ ਕਰਨੇ ਹਨ । ਜੋ ਕੰਮ ਗੁਰੂ ਨੇ ਕਰਨਾ ਹੈ ਗੰਗਾ ਨੇ ਕੀ ਸਵਾਰਨਾ ਹੈ ? ਇਸ ਲਈ ਅੰਗੀਠੇ ਦੀ 'ਸੁਆ' ਗੁਰਸਿਖ ਵਗਦੇ ਪਾਣੀ ਵਿਚ ਜਲ-ਪਰਵਾਹ ਕਰ ਦਿੰਦੇ ਹਨ ।

ਸਿਖ ਬਨਾਣ ਤੋਂ ਪਹਿਲਾਂ ਸਾਡੇ ਗੁਰੂ ਨੇ ਸਾਥੋਂ ਇਸ ਗਲ ਦਾ ਪਰਣ ਲਿਆ ਹੈ—


www.AKJ.Org

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ।

ਇਸ ਪਰਣ ਤੋਂ ਜਦ ਸਿਖਾਂ ਦਾ ਇਤਿਹਾਸ ਗਵਾਹ ਹੈ ਕਿ ਕਿਵੇਂ ਉਹ ਆਪਣੇ ਪ੍ਰਣ ਤੇ ਪਕੇ ਰਹੇ । ਉਹਨਾਂ ਦੀਆਂ ਸ਼ਹੀਦੀਆਂ ਦੀ ਮਿਸਾਲ ਦੁਨੀਆਂ ਵਿਚ ਅਜੇ ਤਕ ਤਾਂ ਨਹੀਂ ਮਿਲੀ ।

ਬੰਦ ਬੰਦ ਕਟਾਉਣਾ, ਖੋਪਰੀ ਲੁਹਾ ਦੇਣੀ, ਆਰੇ ਨਾਲ ਦੋ ਫਾੜ ਹੋ ਜਾਣਾ, ਕੋਈ ਮਾਮੂਲੀ ਮੌਤ ਨਹੀਂ । ਮੁਗਲ ਕਾਲ ਦੇ ਅਨੋਖੇ ਅਤੇ ਕਰੜੇ ਢੰਗਾ ਦੀ ਮੌਤ ਮਨੁਖ ਨੂੰ ਇਸਲਾਮ ਕਬੂਲ ਕਰਨ ਤੇ ਮਜਬੂਰ ਕਰਦੀ ਸੀ । ਪਰ ਜਰਵਾਣੇ ਕੀ ਜਾਨਣ ਕਿ ਗੁਰੂ ਕੇ ਸਿਖਾਂ ਨੇ ਜਾਮੇ-ਅੰਮ੍ਰਿਤ ਪੀਣ ਤੋਂ ਪਹਿਲਾਂ ਮਰਨ ਕਬੂਲ ਕਰਕੇ ਜੀਵਨ ਦੀ ਆਸ ਨੂੰ ਸਦਾ ਲਈ ਛਡ ਦਿਤਾ ਹੋਇਆ ਹੈ । ਹੁਣ ਵੀ ਭਾਂਵੇ ਕੁਝ ਹੋਵੇ ਸਿਖਾਂ ਦੀ ਬਹਾਦਰੀ ਅਤੇ ਮੌਤ ਨਾਲ ਖਿੜੇ ਮਥੇ ਟਕਰ ਲੈਣ ਦੀ ਦਲੇਰੀ ਅਜ ਦੇ ਆਨਮਤੀਆਂ ਦੇ ਦਿਲਾਂ ਨੂੰ ਮੋਂਹਦੀ ਜ਼ਰੂਰ ਹੈ ਅਤੇ ਆਪ ਮੁਹਾਰੇ ਉਹਨਾਂ ਦੇ ਮੂਹੋਂ ਨਿਕਲਦਾ ਹੈ ਕਿ ਸਿਖ ਕਿਸੇ ਹੋਰ ਮਿਟੀ ਦੇ ਘੜੇ ਹੋਏ ਹਨ । ਇਹਨਾਂ ਖਬਰੇ ਕੀ ਖਾਧਾ ਹੈ ਖਬਰੇ ਕੀ ਜਾਮ ਪੀਤਾ ਹੈ ਕਿ ਮੌਤ ਨੂੰ ਵੰਗਾਰ ਕੇ ਮਿਲਦੇ ਹਨ । ਇਸ ਸਭ ਕੁਛ ਦਾ ਸਿਹਰਾ ਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਜੀ ਦੀ ਦ੍ਰਿੜਾਈ ਗੁਰ ਸਿਖਿਆ ਦੇ ਸਿਰ ਹੈ ਜਿਨ੍ਹਾਂ ਹਰ ਪ੍ਰਾਣੀ ਨੂੰ ਇਕ ਉਜਲ ਦ੍ਰਿਸ਼ਟੀਕੋਣ ਧਾਰਣ ਕਰਨ ਦੀ ਪਰੇਰਨਾ ਕੀਤੀ ਹੈ ।

-o-

## * ਜ਼ਰੂਰੀ ਸੂਚਨਾ *

ਭਾਈ ਰਣਧੀਰ ਸਿੰਘ ਜੀ ਫਰੀਦਾਬਾਦ ਨਿਵਾਸੀ ਸੂਚਨਾ ਦਿੰਦੇ ਹਨ ਕਿ ਬੀਬੀ ਜਗਤਾਰ ਕੌਰ ਸਪਤਨੀ ਭਾਈ ਹਰਨਾਮ ਸਿੰਘ ਜੀ ੪ ਜੂਨ ੧੯੬੬ ਨੂੰ ਫਰੀਦਾਬਾਦ ਵਿਖੇ ਅਕਾਲ ਚਲਾਣਾ ਕਰ ਗਏ ਹਨ । ਆਪ ਬੜੇ ਨਾਮ ਰਸੀਏ, ਤੇ ਅਖੰਡ ਪਾਠੀ ਸਨ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ (ਗੁਰਪੁਰਵਾਸੀ) ਦੇ ਨਿਕਟ ਵਰਤੀ ਸਨ । ਸਾਡੀ ਸਚੇ ਪਾਤਸ਼ਾਹ ਅਗੇ ਅਰਦਾਸ ਹੈ ਕਿ ਬੀਬੀ ਜੀ ਨੂੰ ਆਪਣੇ ਚਰਨਾ ਵਿਚ ਨਵਾਸ ਬਖਸ਼ਨ ਤੇ ਪਿਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਨ ।

—ਐਡੀਟਰ

## ਪਿੰਡ ਸ਼ਤਰਾਨਾ ਜ਼ਿਲਾ ਪਟਿਆਲਾ

ਵਿਖੇ

ਕੀਰਤਨ ਰੈਣ ਸਬਾਈ

ਸੱਚ ਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੨੭ ਅਗਸਤ ੧੯੬੬ ਸਨਿਚਰਵਾਰ ਰਾਤ ਨੂੰ ਕੀਰਤਨ ਰੈਣ ਸਬਾਈ ਪਿੰਡ ਸ਼ਤਰਾਨਾ ਵਿਖੇ ਹੋ ਰਿਹਾ ਹੈ ਸੋ ਸਰਬਤ ਸੰਗਤਾਂ ਅਗੇ ਬੇਨਤੀ ਹੈ ਕਿ ਹੁਮ ਹੁਮਾਕੇ ਪੁਜੋ ਤੇ ਆਪਣਾ ਜਨਮ ਸਫਲਾ ਕਰੋ ।

ਨੋਟ-ਪਿੰਡ ਸ਼ਤਰਾਨਾ, ਪਟਿਆਲਾ-ਨਰਵਾਨਾ ਤੇ ਸੰਗਰੂਰ-ਨਰਵਾਨਾ ਰੋਡ ਅਡਾ ਪਾਤੜਾ ਤੋਂ ਸਿਰਫ ਪੰਜ ਮੀਲ ਹੈ ।

ਸੇਵਕ--ਅਖੰਡ ਕੀਰਤਨੀ ਜਥਾ ਸ਼ਤਰਾਨਾ, ਜ਼ਿਲਾ ਪਟਿਆਲਾ ।


www.AKJ.org

# ਗੁਰਮਤਿ ਵਿਚਾਰ ਲੜੀ

## ੩. ਕੇਸਾਂ ਦੀ ਮਹੱਤਤਾ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਫਿਲੜ ਰਹੁ–ਰੀਤੀ ਦੀ ਮੰਗ ਦਾ ਕਾਰਨ–

ਫਿਲੜ ਰਹੁ–ਰੀਤ ਦੀ ਮੰਗ ਦਾ ਕੀ ਕਾਰਨ ਹੈ? ਇਸ ਬਾਰੇ ਸੋਚ ਵਿਚਾਰ ਤੇ ਖੋਜ ਕਰਨੀ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗੀ। ਇਸ ਦਾ ਸਭ ਤੋਂ ਮੁਖ ਕਾਰਨ ਮਨੁਖੀ ਕਮਜ਼ੋਰੀ ਹੈ। ਜੋ ਪਛਮੀ ਰਹਿਣੀ ਸਹਿਣੀ ਦੇ ਕਾਰਨ ਆਮ ਜਨਤਾ ਵਿਚ ਪ੍ਰਵੇਸ਼ ਕਰ ਗਈ ਹੈ। ਹਰ ਨਰ ਨਾਰੀ ਵਿਚ ਫੈਸ਼ਨ ਤੇ ਚੰਚਲਤਾ ਘਰ ਕਰ ਗਏ ਹਨ। ਸਾਡਾ ਅਜੋਕਾ ਪਹਿਰਾਵਾ ਸਾਡੇ ਮਨਾਂ ਵਿਚ ਨਾਚ ਕਰ ਰਹੀ ਚੰਚਲਤਾ ਦਾ ਪ੍ਰਤੱਖ ਪ੍ਰਮਾਣ ਹੈ। ਸੁਖ ਰਹਿਣੇ ਪਨ ਨੇ ਸਾਡੇ ਹੱਡਾਂ ਵਿਚ ਪਾਣੀ ਹੀ ਪਾ ਛਡਿਆ ਹੈ। ਕਿਸੇ ਹੋਰ ਦੀ ਸੇਵਾ ਕਰਨੀ ਤਾਂ ਇਕ ਪਾਸੇ ਰਹੀ, ਅਸੀਂ ਆਪਣੀ ਸੁਰਤ ਸੰਭਾਲ ਹੀ ਕਰਨ ਤੋਂ ਅਸਮਰਥ ਹੋਏ ਬੈਠੇ ਹਾਂ। ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾਂ, ਨਾਮ ਸਿਮਰਨ ਤੇ ਨਿਤ ਨੇਮ ਕਰਨਾ, ਗੁਰੂ ਦਰ ਦੀ ਹਾਜ਼ਰੀ ਭਰਨੀ ਜੋ ਹਰ ਗੁਰਸਿਖ ਦਾ ਜ਼ਰੂਰੀ (Compulsory) ਨਿਤ ਕਰਮ ਸੀ ਉਸ ਦੇ ਧਾਰਨੀ ਵਿਰਲੇ ਕੋਈ ਕੋਇ ਹੀ ਹਨ। ਬਾਕੀ ਸਾਰੇ ਐਤਵਾਰੀਏ ਸੰਗਰਾਂਦੀਏ ਜਾਂ ਗੁਰਪੁਰਬੀਏ ਸਿਖ ਹੀ ਹਨ।

ਜਦੋਂ ਫੈਸ਼ਨ ਤੇ ਸੁਖ ਰਹਿਣਾ-ਪਨ ਕਿਸੇ ਦੇ ਮਨ ਤੇ ਹਾਵੀ ਹੋ ਜਾਵਨ ਤੇ ਆਤਮ ਰਸ ਦਾ ਸੋਮਾ ਬੰਦ ਹੋ ਜਾਏ ਤਾਂ ਉਸ ਨੂੰ ਬਾਹਰਲਾ ਗੁਰ ਸਿਖੀ ਬਾਣਾ ਬੋਝਲ ਪ੍ਰਤੀਤ ਹੁੰਦਾ ਹੈ ਕਿਉਂ ਜੋ ਇਸ ਸੰਤ ਸਰੂਪੀ ਬਾਣੇ ਵਿਚ ਕੋਈ ਖੁਲਮ ਖੁਲਾ ਐਸ਼ੋ ਇਸ਼ਰਤ ਦੇ ਜੀਵਨ ਵਿਚ ਪਰਵਿਰਤ ਨਹੀਂ ਹੋ ਸਕਦਾ। ਪਲਮਦਾ ਗੁਰਮੁਖੀ ਦਾੜ੍ਹਾ, ਗੁਰਮੁਖੀ ਸੂਧੀ ਸਾਧੀ ਦਸਤਾਰ, ਗਲ ਲਮਕਦੀ ਕ੍ਰਿਪਾਨ, ਤੇੜ ਮਗਜ਼ੀ ਪਹੁੰਚਿਆ ਵਾਲਾ ਉਰੇਬਣ ਕਛੱਹਿਰਾ ਸਤਿਗੁਰ ਦੀ ਮੋਹਰ ਛਾਪ ਹੈ ਜੋ ਸਿਖ ਨੂੰ ਵਿਕਾਰੀ ਜੀਵਨ ਤੋਂ ਸੁਰੱਖਿਅਤ ਰਖਦੀ ਹੈ ਇਹ ਸਿਖੀ ਚਿੰਨ ਹੀ ਸਨ ਜਿਨ੍ਹਾਂ ਦੀ ਬਰਕਤ ਸਦਕਾ ਜੋਗਾ ਸਿੰਘ ਨੂੰ ਵੇਸਵਾ ਦੁਆਰੇ ਤੋਂ ਧਿਰਕਾਰ ਪਈ ਕਿ ਹੇ ਭਾਈ ਤੇਰਾ ਲਿਬਾਸ ਤਾਂ ਧਰਮੀ ਪੁਰਸ਼ ਵਰਗਾ ਹੈ ਤੇ ਤੂੰ ਲੋਕਾਂ ਦੀ ਪਤਿਆਬਰੂ ਦਾ ਰਾਖਾ ਪ੍ਰਤੀਤ ਹੁੰਦਾ ਹੈਂ ਤੂ ਅਜ ਕਿਧਰ। ਜੋਗਾ ਸਿੰਘ ਨੂੰ ਇਹ ਚਿੰਨ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪਹਿਰੇਦਾਰ ਹੋ ਪੁਕਰੇ ਤੇ ਹਰ ਸਿਖ ਦੀ ਅਜ ਵੀ ਇਹਨਾਂ ਦੁਆਰਾ ਰਖਿਆ ਹੋ ਰਹੀ ਹੈ। ਪਰ ਬੁਰਾ ਹੋਵੇ ਇਸ ਫੈਸ਼ਨ-ਪ੍ਰਸਤੀ ਦਾ ਸਿਖਾਂ ਚੋਂ ਚਿੰਨਾਂ ਦਾ ਪਿਆਰ ਹੀ ਖਤਮ ਨਹੀਂ ਹੋਇਆ ਸਗੋਂ ਉਹ ਇਹਨਾਂ ਤੋਂ ਆਕੀ ਹੋਏ ਫਿਰਦੇ ਹਨ ਤੇ ਉਹਨਾਂ ਦੇ ਆਕੀ ਪੁਣੇ ਦਾ ਇਹ ਪ੍ਰਤਖ ਪ੍ਰਮਾਣ ਹੈ ਕਿ ਕੌਮ ਦੀ ਬਹੁ ਗਿਣਤੀ ਸਵਾਏ ਕੜੇ ਦੇ ਬਾਕੀ ਦੇ ਸਾਰੇ ਚਿੰਨਾਂ ਦਾ ਤਿਆਗ ਕਰੀ ਬੈਠੀ ਹੈ। ਅਸ਼ਰਧਕ–ਆਕੀਆਂ ਨੇ ਤਾਂ ਕੇਸਾਂ ਨੂੰ ਵੀ ਤਿਲਾਂਜਲੀ ਦੇ ਦਿਤੀ ਹੈ, ਜੋ ਸਤਿਗੁਰਾਂ ਦੀਆਂ ਮੋਹਰਾਂ ਹਨ। ਪਰ ਕਚ-ਘਰੜ ਸਰਧਾਲੂ–ਆਕੀ ਕੇਸਾਂ ਨੂੰ ਵਾਧੂ ਬੋਝ ਹੀ ਸਮਝਦੇ ਹਨ। ਫੈਸ਼ਨ ਕੁਠੇ ਪੁਰਸ਼ ਆਪਣੀਆਂ ਦਾੜ੍ਹੀਆਂ ਨੂੰ ਮੋੜ ਕਚੋੜ ਕੇ, ਫਿਕਸੋ ਤੇ


www.AKJ.Org

ਧਾਗਿਆਂ ਦਵਾਰਾ ਛੋਟੇ ਤੋਂ ਛੋਟਾ ਕਰਨ ਦੇ ਚਾਹਵਾਨ ਹਨ । ਐਵੇਂ ਲੋਕ ਲਾਜ ਕਾਰਨ ਹੀ ਕੇਸ ਰਖੀ ਫਿਰਦੇ ਹਨ । ਦਿਲੋਂ ਸਤਿਗੁਰਾਂ ਨੂੰ ਕੋਸਦੇ ਰਹਿੰਦੇ ਹਨ ਜਿਨ੍ਹਾਂ ਨੇ ਏਹਨਾਂ ਨੂੰ ਇਸ ਫਸਤੇ ਵਿਚ ਫਸਾਇਆ ਹੋਇਆ ਹੈ । ਮਾਇਆ ਦੇ ਪ੍ਰਬੱਲ ਪ੍ਰਭਾਵ ਦੇ ਛਲ ਛਿੱਦਰ ਤੇ ਇਸ ਲਈ ਮਨੁਖੀ ਕਮਜ਼ੋਰੀ ਤੋਂ ਸੁਜਾਣ ਸਤਿਗੁਰੁ ਭਲੀ ਪਰਕਾਰ ਜਾਣ ਸਨ ਤਾਂ ਹੀ ਸਤਿਗੁਰਾਂ ਸਿਖਾਂ ਪ੍ਰਤੀ ਫੁਰਮਾਨ ਕੀਤਾ

ਪੇਖੰਦੜੋ ਕੀ ਭੁਲ ਤੁੰਮਾ ਦਿਸਮ ਸੋਹਣਾ ।
ਅਢ ਨ ਲਹੰਦੜੋ ਮੁਲ ਨਾਨਕ ਸਾਥ ਨ ਜੁਲਈ ਮਾਇਆ । (ਵਾਰ ਜੈਤਸਰੀ ਮ: ੫)

ਤੇ ਫਰੀਦ ਜੀ ਨੇ ਬਚਨ ਕੀਤਾ ।

ਹਥ ਨ ਲਾਇ ਕਸੁੰਭੜੇ ਜਲ ਜਾਸੀ ਢੋਲਾ
(ਸੂਹੀ ਸ਼ੇਖ ਫਰੀਦ)

ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਕੋਈ ਮਨੁਖ ਜਿਸ ਵਿਅਕਤੀ ਦੀ ਪ੍ਰਸੰਸਾ ਕਰਦਾ ਹੈ ਤੇ ਪਿਆਰ ਕਰਦਾ ਹੈ ਫਿਰ ਹੋਲੀ ਹੋਲੀ ਉਹਦੇ ਅੰਦਰਲੇ ਤੇ ਬਾਹਰਲੇ ਵਿਸ਼ੇਸ਼ ਗੁਣਾ ਦੀ ਧਾਰਨਾ ਕਰਨੀ ਅਰੰਭ ਦੇਂਦਾ ਹੈ। ਕੇਸ ਗੁਰੂ ਕੀਆਂ ਮੋਹਰਾਂ ਹਨ ਤੇ ਸਤਿਕਾਰ ਦੇ ਪਾਤਰ ਹਨ ਪਰ ਫੈਸ਼ਨ-ਮੁਦਈਆਂ ਜੋਰੂ ਸਿਖਣੀਆਂ ਕੇਸਾਂ ਨੂੰ ਸ਼ਿੰਗਾਰ ਤੇ ਤ੍ਰਿਆ-ਜਾਲ ਦਾ ਸਾਧਨ ਬਣਾਈ ਰਖ ਦੀਆਂ ਹਨ। ਕੇਸਾਂ ਨੂੰ ਸਦਾ ਨੰਗੇ ਰਖਕੇ ਗੁਰਮਤਿ ਨਿਯਮਾਂ ਨੂੰ ਭੰਗ ਕਰਨ ਵਿਚ ਜਰਾ ਸ਼ਰਮ ਮਹਿਸੂਸ ਨਹੀਂ ਕਰਦੀਆਂ । ਇਸ ਦੇ ਨਾਲ ਹੀ ਫੈਸ਼ਨ-ਪ੍ਰਸਤ ਕੁਮੱਤੀਏ ਪੁਰਸ਼ਾਂ ਵੀ ਸਿਰ ਤੇ ਗੁਰਮੁਖੀ ਦਸਤਾਰੇ ਨਿਤਾ-ਪ੍ਰਤ ਸਜਾਉਣ ਦੀ ਬਜਾਏ ਟੋਪ ਨੁਮਾ ਪਗੜੀਆਂ ਹੀ ਸਿਰ ਤੇ ਰਖਦੇ ਹਨ । ਮਾਇਆ ਮੋਹਣੀ ਰੰਗ ਤਮਾਸ਼ਿਆਂ ਤੋਂ ਚਕ੍ਰਿਤ ਹੁੰਦਿਆਂ ਮਾਇਆ ਮੂਠਾ ਮਨੁਖ ਸਦਾ ਹੀ ਬਾਹਰਲੀ ਸਜਨ ਫਬਨ, ਪੋਚਾ ਪਾਚੀ ਤੇ ਲਿਸ਼ਕਾ ਪੁਸ਼ਕੀ ਵਿਚ ਰੁਝਿਆ ਰਹਿੰਦਾ ਹੈ ਤੇ ਸੀਰਕ ਸਜਾਵਟ ਲਈ ਉਹ ਧਾਰਮਿਕ ਅਸੂਲਾਂ ਨੂੰ ਕੁਰਬਾਨ ਕਰਨ ਵਿਚ ਵੀ ਸੰਕੋਚ ਨਹੀਂ ਕਰਦਾ ਪਰ ਇਸਦੇ ਉਲਟ ਇਕ ਸਚਾ ਸਿਖ ਸਦਾ ਹੀ ਸਿਖੀ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਣ ਦਾ ਵਰ ਤੇ ਅਸੀਸ ਮੰਗਦਾ ਹੈ ਤੇ ਕੇਸ ਤਿਆਗਣ ਨਾਲੋਂ ਸੁਆਸ ਤਿਆਗ ਦੇਣ ਨੂੰ ਤਰਜੀਹ ਦੇਂਦਾ ਹੈ । ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿ ਸਿੰਘਾਂ ਦੀਆਂ ਸ਼ਹੀਦੀਆਂ ਸਿਖ ਇਤਿਹਾਸ ਵਿਚ ਅਜਿਹੀਆਂ ਹਜ਼ਾਰਾਂ ਵਾਪਰੀਆਂ ਘਟਨਾਵਾਂ ਵਿਚੋਂ ਕੇਵਲ ਹਵਾਲੇ ਲਈ ਵਰਨਣ ਹਨ । ਅਜਿਹੇ ਸਿਖ ਧਰਮ ਦੇ ਹੀਰੇ ਸੁਚੇ ਸ਼ਹੀਦ ਜਿਨ੍ਹਾਂ ਨੇ ਕੇਸਾਂ ਨੂੰ ਜਾਨ ਨਾਲੋਂ ਪਿਆਰਾ ਜਾਣ ਕੇ ਸੁਰੱਖਿਅਤ ਰਖਿਆ ਤੇ ਸ਼ਹੀਦੀਆਂ ਪਾਈਆਂ ਇਹ ਸਿੱਖ ਕੌਮ ਦਾ ਅਮੁਲਾ ਵਿਰਸਾ ਹਨ ਤੇ ਕੌਮ ਦੀ ਜਿੰਦ ਜਾਨ ਹਨ । ਸਿਖ ਜਗਤ ਦਾ ਹਰ ਇਕ ਵਿਅਕਤੀ ਰੋਜ਼ਾਨਾ ਅਰਦਾਸ ਸਮੇਂ ਐਸੇ ਦ੍ਰਿੜ ਵਿਸ਼ਵਾਸੀ, ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ । ਤੇ ਵਾਹਿਗੁਰੂ ਜੀ ਕੋਲੋਂ ਐਸੇ ਜੀਵਨ ਦਾ ਪਰੇਰਨਾ ਮੰਗਦਾ ਹੈ ।

ਕੇਸ–ਮੁੰਡਨ ਬਾਰੇ ਖੁਲ੍ਹ ਦੇਣ ਨਾਲ ਅਸੀਂ ਉਪਰੋਕਤ ਅਣਗਿਣਤ ਸ਼ਹੀਦੀ ਸਾਕਿਆ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋਵਾਂਗੇ ।

ਬੜੀ ਅਫਸੋਸ ਜਨਕ ਗਲ ਹੈ ਕਿ ਪਛਮੀ ਸਭਿਅਤਾ ਦੇ ਰੰਗ ਵਿਚ ਰੰਗੇ ਸਿਖ ਵਿਦਵਾਨਾ ਅੰਦਰ ਸਿਖੀ ਬਾਰੇ ਦ੍ਰਿਸ਼ਟੀਕੋਣ ਦੀ ਹਾਲਤ (mis-guide) ਹੈ ਜਿਥੇ ਸ਼ਰਧਾਲੂ ਸਿਖਾਂ ਵਿਚ ਉਪਰੋਕਤ ਸ਼ਹੀਦਾਂ ਪ੍ਰਤੀ ਜਿਨ੍ਹਾਂ ਨੇ ਜਿੰਦੜੀਆਂ ਵਾਰ ਕੇ ਧਰਮ ਰਖਿਆ ਕੀਤੀ ਵਿਸ਼ੇਸ਼ ਸਤਿਕਾਰ ਦੀ ਭਾਵਨਾ ਹੈ ਉਥੇ ਪਛਮੀ ਰੰਗ ਰੰਗੇ ਸਿਖ ਪੜ੍ਹਾਕੂਆਂ ਦਾ ਦ੍ਰਿਸ਼ਟੀਕੋਣ ਅਡਰਾ ਹੀ ਹੈ। ਅਵਲ ਤਾਂ ਉਹ ਸਿਖ ਸੂਰਬੀਰ ਸ਼ਹੀਦਾਂ ਨੂੰ ਘਿਰਣਾ ਦੀ ਨਜ਼ਰੇ ਹੀ ਤਕਦੇ ਹਨ ਜੇ ਨਹੀਂ ਤਾਂ ਘਟੋ ਘਟ ਉਹ ਅਜਿਹੀਆਂ ਸ਼ਹੀਦੀਆਂ ਨੂੰ ਵਾਧੂ ਤੇ ਨਿਰਾਰਥਕ ਜਾਣ ਕੇ ਪਸੰਦ ਨਹੀਂ ਕਰਦੇ ।



www.AKJ.Org

ਪਰਮਾਣ ਵਜੋਂ ਇਕ ਮੰਨੇ ਪ੍ਰਮੰਨੇ ਅਖੌਤੀ ਸਿਖ ਵਿਦਵਾਨ ਸ੍ਰਦਾਰ ਖੁਸ਼ਵੰਤ ਸਿੰਘ ਦੇ ਇਕ ਅੰਗ੍ਰੇਜ਼ੀ ਮਾਸਕ ਪੱਤਰ (Illustrater weekly) ਵਿਚ-ਲੀਆ ਇਕ ਲੇਖ ਦੀਆਂ ਸਤਰਾਂ ਥਲੇ ਅੰਕਿਤ ਹਨ। ਇਹ ਲੇਖ ੧੯੬੧ ਦੇ ਅਗਸਤ ਸਤੰਬਰ ਦੇ ਅੰਕ ਵਿਚ ਛਪਿਆ :-

It is not often apperciated that for over 300 years literally hundreds of thousands of sikhs were placed with the choice of cutting of long hair or losing their lives and they chose to die. In this was they built up a communal consciousness that only those who observed the forms & symbols of Khalsa faith could have the sence or belonging to it.

The long hair and beard do nor form a part of sikh religion. They simply form a part of the sikh tradition. One can be a good sikh without growing hair and beard. Sindhies and clean shaved sehjdharies are usually more assisduous in prayer and worship".

ਉਲਥਾ :—ਤਕਰੀਬਨ ੩੦੦ ਸਾਲ ਤਕ ਲਖਾਂ ਸਿਖਾਂ ਨੂੰ ਕੇਸ ਕਟਾਉਣ ਜਾਂ ਮੌਤ ਪਰਵਾਨ ਕਰਨ ਵਿਚ ਇਕ ਰਾਹ ਚੁਣਨ ਲਈ ਵੇਲੇ ਦੀ ਹਕੂਮਤ ਵਲੋਂ ਮਜਬੂਰ ਕੀਤਾ ਗਿਆ। ਸਿਖਾਂ ਦਾ ਇਹ ਕਰਤਵ ਕਿ ਉਹਨਾਂ ਕੇਸ ਕਤਲ ਕਰਵਾਉਣ ਨਾਲੋਂ ਮੌਤ ਨੂੰ ਤਰਜੀਹ ਦਿਤੀ ਆਮ ਤੌਰ ਤੇ ਸਲਾਹੁਤਾ ਨਹੀਂ ਕੀਤੀ ਜਾਂਦੀ ਕਿਉਂਕਿ ਇਸ ਕਰਤਵ ਦੁਆਰਾ ਉਹਨਾਂ ਨੇ ਇਕ ਫਿਰਕੂ ਭਾਵਨਾ ਦੀ ਉਸਾਰੀ ਕੀਤੀ ਨਾ ਕਿ ਕੇਵਲ ਉਹ ਪੁਰਸ਼ ਹੀ ਖਾਲਸਾ ਧਰਮ ਦੇ ਧਾਰਨੀ ਹੋਣ ਦਾ ਅਹਿਸਾਸ ਰਖ ਸਕਦੇ ਹਨ ਜੋ ਬਾਹਰ—ਮੁਖੀ ਖਾਲਸਾਈ ਰੂਪ ਤੇ ਚਿੰਨਾਂ ਦੇ ਧਾਰਨੀ ਹੋਵਨ।

"ਲੰਮੇ ਵਾਲ ਤੇ ਦਾੜ੍ਹੀ ਸਿਖ ਧਰਮ ਦੇ ਅੰਗ ਨਹੀਂ" ਇਹ ਤਾਂ ਕੇਵਲ ਸਿਖੀ ਰਵਾਇਤ ਦਾ ਹਿਸਾ ਹਨ। ਕੋਈ ਵੀ ਮਨੁਖ ਕੇਸ ਦਾੜ੍ਹੀ ਰਖਣ ਤੋਂ ਬਗੈਰ ਵੀ ਚੰਗਾ ਸਿਖ ਹੋ ਸਕਦਾ ਹੈ। ਸਿਖੀ ਤੇ ਹੋਰ ਕੇਸ ਹੀਣ ਸਹਜਧਾਰੀ ਸਿਖ ਪਾਠ ਪੂਜਾ ਵਿਚ ਆਮ ਤੌਰ ਤੇ ਵਧੇਰੇ ਸ਼ਰਧਾਲੂ ਹੁੰਦੇ ਹਨ।

ਇਹ ਹਨ ਇਕ ਸਿਖ ਵਿਦਵਾਨ ਦੇ ਵਿਚਾਰ ਇਕ ਸਧਾਰਨ ਮਨੁਖ ਜਾਣਦਾ ਹੈ ਕਿ ਕੇਸਾਂ ਬਿਨਾਂ ਕੋਈ ਸਿਖ ਅਖਵਾ ਹੀ ਨਹੀਂ ਸਕਦਾ। ਪ੍ਰਗਟ ਹੈ ਕਿ ਅਜੇਹੇ ਪਛਮੀ ਰੰਗਾਣ ਵਿਚ ਰਿਹੇ ਰੰਗੀ ਵਰਤਮਾਨ ਅਖੌਤੀ ਸਿਖ ਵਿਦਵਾਨਾਂ ਦਾ ਜੋ ਸਿਖੀ ਸਿਧਾਤਾਂ ਤੇ ਰਵਾਇਤਾਂ ਬਾਰੇ ਮਨ—ਘੜਤਾ (misguided) ਦ੍ਰਿਸ਼ਟੀਕੋਨ ਤੇ ਇਸ ਦੇ ਅਧਾਰਤ ਉਹਨਾਂ ਦੀਆਂ ਲਿਖਤਾਂ ਦਾਂ ਹੀ ਸਿਟਾ ਹੈ ਕਿ ਪ੍ਰਦੇਸੀਆਂ ਤੇ ਹੋਰਨਾਂ ਦੇ ਮਨਾਂ ਉਤੇ ਪ੍ਰਭਾਵ ਪੈ ਰਿਹਾ ਹੈ। ਕਿ ਸਿਖ ਬਨਣ ਲਈ ਕੇਸਾਂ ਧਾਰੀ (ਸਾਬਤ ਸੂਰਤ) ਹੋਣਾ ਜਰੂਰੀ ਨਹੀਂ ਸਗੋਂ ਕੇਸ ਧਾਰਨ ਕਰਨਾ ਜਾਂ ਨਾ ਕਰਨਾ ਹਰ ਵਿਅਕਤੀ ਦੀ ਨਿਜੀ ਇਛਾ ਤੇ ਨਿਰਭਰ ਹੈ। ਹੁਣ ਜੇ ਸਿਖ-ਵਿਦਵਾਨਾਂ ਕੇਸਾਂ ਬਾਰੇ ਫੋਕਾ ਤੇ ਆਕੀਆਨਾ ਵਿਸਵਾਸ਼ ਰਖਦੇ ਹੋਣ ਤਾਂ ਪਛਮੀ ਦੇਸ਼ਾਂ ਦੇ ਉਹ ਉਤਸ਼ਾਹੀ ਜਿਨਾਂ ਨੇ ਸਿਖੀ ਬਾਰੇ ਉਤਸ਼ਾਹ ਐਸੇ ਵਿਦਵਾਨਾਂ ਰਾਹੀਂ ਹੀ ਪ੍ਰਾਪਤ ਕੀਤਾ ਹੈ ਉਹਨਾਂ ਦੀ ਕੇਸਾਂ ਬਾਰੇ ਅਜਿਹਾਨਾ-ਪਸੰਦੀ (disliking) ਦੀ ਭਾਵਨਾ ਰਖਣੀ ਇਕ ਕੁਦਰਤੀ ਗਲ ਹੈ।

ਸੰਨ ੧੯੨੫ ਵਿਚ ਵੀ ਅਜਿਹੀ ਇਕ ਮੰਗ ਪ੍ਰਦੇਸ਼ੀ ਵਸਦੇ ਕੁਝ ਸਿਖਾਂ ਵਲੋਂ ਆਈ ਸੀ



www.AKJ.Org

ਜਿਸ ਸਬੰਧੀ ਉਸ ਵੇਲੇ ਦੇ ਪ੍ਰਸਿਧ ਸਿਖ ਵਿਦਵਾਨਾਂ ਵਲੋਂ ਉਹਨਾਂ ਦੀਆਂ ਗੁਰਮਤਿ ਦੀ ਰੋਸ਼ਨੀ ਵਿਚ ਰਾਇਆਂ ਪੁਛੀਆਂ ਗਈਆਂ ਸਨ। ਪ੍ਰਦੇਸ ਵਸਦੇ ਸਿਖਾਂ ਵਲੋਂ ਆਈ ਚਿਠੀ ਤੇ ਉਸ ਦੇ ਸਬੰਧ ਵਿਚ ਦਰਜਨ ਕੁ ਪ੍ਰਸਿਧ ਸਿਖ ਵਿਦਵਾਨਾਂ ਦੀਆਂ ਰਾਇਆਂ ਨੂੰ ਇਕ ਟ੍ਰੈਕਟ ਦੇ ਰੂਪ ਵਿਚ ਗਿਆਨੀ ਸ਼ੇਰ ਸਿੰਘ ਜੀ (ਜੋ ਉਸ ਵੇਲੇ ਗੋਰਮਿੰਟ ਕਾਲਜ ਲਾਹੌਰ ਵਿਚ ਵਿਦਿਆਰਥੀ ਸਨ) ਵਲੋਂ ਪ੍ਰਕਾਸ਼ਤ ਕੀਤਾ ਗਿਆ। ਉਸ ਵੇਲੇ ਦਰਜਨ ਵਿਦਵਾਨਾਂ ਵਿਚੋਂ ਸਿਵਾਏ ਸ੍ਰੀ ਐਸ: ਪਰਤਾਬ ਆਈ. ਸੀ. ਐਸ. (I. C. S.) ਦੇ ਕਿਸੇ ਵਿਦਵਾਨ ਵਲੋਂ ਵੀ ਕੇਸਾਂ ਬਾਰੇ ਕਿਸੇ ਤਬਦੀਲੀ ਦੀ ਪੁਸ਼ਟੀ ਨਾ ਕੀਤੀ ਗਈ। ਸ੍ਰੀ ਐਸ: ਪਰਤਾਬ ਨੇ ਵੀ ਤਾਂ ਪੁਸ਼ਟੀ ਕੀਤੀ ਕਿਉਂ ਜੋ ਉਹ ਆਪ ਵੀ ਉਹਨਾਂ ਢਿਲੜਾਂ ਤੇ ਕਾਇਰਾਂ ਵਿਚੋਂ ਸੀ ਜੋ ਆਪ ਪਛਮੀ ਫੈਸ਼ਨ ਦੀ ਮਾਰੂ ਲਹਿਰ ਅਗੇ ਨਾ ਟਿਕ ਸਕਿਆ ਤੇ ਕੇਸ ਕਤਲ ਕਰਵਾ ਪਤਿਤ ਹੋ ਚੁਕਾ ਸੀ।

ਹੁਣ ਵੀ ਸਿਖੀ ਨਾਲ ਕੇਸਾਂ ਦੇ ਸੰਬੰਧ ਬਾਰੇ ਕੌਮ ਨੂੰ ਕੇਵਲ ਇਕੋ ਤੇ ਦ੍ਰਿੜ੍ਹ ਰਵੱਯਾ ਅਖਤਿਆਰ ਕਰਨਾ ਪਵੇਗਾ। ਜਾਂ ਕੇਸ ਸਿਖੀ ਲਈ ਜ਼ਰੂਰੀ ਹਨ ਜਾਂ ਨਹੀਂ। ਜੇ ਜ਼ਰੂਰੀ ਹਨ ਤਾਂ ਹਰ ਇਕ ਲਈ ਜੇ ਨਹੀਂ ਤਾਂ ਕਿਸੇ ਲਈ ਵੀ ਨਹੀਂ– ਦੋਗਲਾ ਪਨ ਦੀ ਪਾਲੀਸੀ ਨਾਲ ਕੰਮ ਨਹੀਂ ਸਰੇਗਾ

(ਸਿਖ ਧਰਮ ਦੀ ਪ੍ਰਫੁਲਤਾ ਬਾਰੇ ਉਚਿਤ ਧਰਮ ਪਰਚਾਰ ਦੀ ਜਰੂਰਤ ਤੇ ਜਿਸ ਬਾਰੇ ਲੇਖ ਕਿਸੇ ਅਗਲੇ ਪਰਚੇ ਵਿਚ ਦਿਤਾ ਜਾਵੇਗਾ)

----

## * ਪ੍ਰਗਟੀ ਜੋਤਿ ਮਿਲੈ ਰਾਮ ਪਿਆਰੇ *

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ' ਇਸ ਟਰੈਕਟ ਨੂੰ ਛਾਪਣ ਦਾ ਵਿਚਾਰ ਹੈ। ਗੁਰਮੁਖ ਪਿਆਰੇ ਕਰਨਲ ਦਲਜੀਤ ਸਿੰਘ ਜੀ ਮੇਰਠ ੧੦੦ ਕਾਪੀਆਂ ਅਤੇ ਭਾਈ ਹਰੀ ਸਿੰਘ ਜੀ ਐਡਵੋਕੇਟ ਜਲੰਧਰ ਨੇ ੫੦ ਕਾਪੀਆਂ ਦੀ ਸੇਵਾ ਲਈ ਹੈ। ਸੰਗਤਾਂ ਅਗੇ ਬੇਨਤੀ ਹੈ ਕਿ ਜਿਨ੍ਹਾਂ ਵੀਰਾਂ ਨੇ ਇਸ ਦੀ ਛਪਾਈ ਦੀ ਸੇਵਾ ਵਿਚ ਹਿੱਸਾ ਪਾਉਣਾ ਹੋਵੇ, ਉਹ ਸਾਨੂੰ ਛੇਤੀ ਹੀ ਆਪਣੇ ਨਾਂ ਭੇਜ ਦੇਣ ਤਾਂ ਕਿ ਟਰੈਕਟ ਵਧ ਤੋਂ ਵਧ ਗਿਣਤੀ ਵਿਚ ਛਾਪਿਆ ਜਾ ਸਕੇ।

ਦਾਸ :–
ਐਡੀਟਰ


## † ਮਾਸਕ ਪੱਤਰ ਸੂਰਾ ਦਾ ਸਲਾਨਾ ਚੰਦਾ †

| | | | |
|---|---|---|---|
| ਦੇਸ਼ | 5—00 | ਪਰਦੇਸ | 7—00 |
| ਇਕ ਪਰਚਾ | 0—50 ਪੈਸੇ | | |

ਮੈਨੇਜਰ ਸੂਰਾ
594/3 ਖਾਲਸਾ ਮਹੱਲਾ,
ਪਟਿਆਲਾ।


www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩ ਗੁਰਮਤ ਲੇਖ | ੨.੫੦ |
| ੪. ਗੁਰਮਤ ਬਿਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੭.੫੦ |
| ੬. ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ | ੩.੫੦ |
| ੯. ਕਰਮ ਫਿਲਾਸਫੀ | ... |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧ ਗੁਰਮਤ ਸਚ ਨਿਰਣੇ | ... |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ... |
| ੧੫. ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. ਗਯਾਨ ਚਾਨਣਾ | ... |
| ੧੭, ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿੱਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੇ | |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗੁਰਮਤ ਵੀਚਾਰ | ੦.੮੦ |

ਸਮੂੰਹ ਅਖੰਡ ਕੀਰਤਨੀ ਜੱਥੇ, ਸਭਾ, ਸੋਸਾਇਟੀਆਂ ਤੇ ਸੰਗਤਾਂ ਇਹ ਜਾਣ ਕੇ ਪ੍ਰਸੰਨ ਹੋਣ-ਗੀਆਂ ਕਿ ਗੁਰਮਤਿ ਦੇ ਪਰਚਾਰ ਨੂੰ ਮੁਖ ਰਖਕੇ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਵਧੀਆ ਕਾਗਜ਼ ਤੇ ਵਧੀਆ ਛਪਵਾਈ ਸਹਿਤ ਲਾਗਤ ਭੇਟਾ ਤੇ ਇਕ ਟ੍ਰੈਕਟ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਲੜੀ ਦਾ ਪਹਿਲਾ ਟ੍ਰੈਕਟ "ਜੇਲ੍ਹ-ਚਿਠੀਆਂ" ਕ੍ਰਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚੋਂ "ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" ਸਿਰਲੇਖ ਹੇਠ ਦਿਤਾ ਜਾ ਰਿਹਾ ਹੈ। ਸੋ ਸਮੂੰਹ ਅਖੰਡ ਕੀਰਤਨੀ ਜੱਥਿਆਂ ਸਭਾ ਸੋਸਾਇਟੀਆਂ ਤੇ ਦੇਸ ਪਰਦੇਸ ਦੀਆਂ ਸੰਗਤਾਂ ਪ੍ਰਤੀ ਬਿਨੈ ਹੈ ਕਿ ਉਹ ਵਧ ਤੋਂ ਵਧ ਗਿਣਤੀ ਵਿਚ ਇਹ ਟਰੈਕਟ ਸੰਗਤਾਂ ਦੇ ਹਥਾਂ ਵਿਚ ਪਹੁੰਚਾਉਣ ਲਈ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਆਰਡਰ ਘਲਨ।

ਮਿਲਣ ਦਾ ਪਤਾ :-

ਅਖੰਡ ਕੀਰਤਨੀ ਜੱਥਾ, ੫੯੪-ੲ, ਖਾਲਸਾ ਮਹੱਲਾ, ਪਟਿਆਲਾ।

ਚੀਫ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ੫੯੪-ੲ, ਖਾਲਸਾ ਮਹੱਲਾ, ਪਟਿਆਲਾ ਤੋਂ ਪ੍ਰਕਾਸ਼ਤ ਕੀਤਾ

www.AKJ.org